@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 8 August 2026

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 8 ਅਗਸਤ 2026, 24 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 275, qpatrika@gmail.com ਫੋਨ : 9971359517 www.qaumipatrika.org

ਰਾਹੁਲ ਗਾਂਧੀ ਨੇ 'ਕੈਪਟਨ' ਦਾ ਨਾਂ ਲੈਂਦਿਆਂ ਕਰ 'ਤਾ ਵੱਡਾ ਇਸ਼ਾਰਾ ! ਪੰਜਾਬ ਦੀ ਸਿਆਸਤ 'ਚ ਮਚੀ ਹਲਚਲ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਚੰਡੀਗੜ੍ਹ 7 ਅਗਸਤ। ਪੰਜਾਬ ਦੀ ਸਿਆਸਤ 'ਚ ਇੱਕ ਵਾਰ ਫਿਰ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਚਰਚਾ ਦੇ ਕੇਂਦਰ 'ਚ ਆ ਗਿਆ ਹੈ। ਇਸ ਵਾਰ ਚਰਚਾ ਦੀ ਵਜ?ਹਾ ਕੋਈ ਚੋਣ ਰੈਲੀ ਜਾਂ ਸਿਆਸੀ ਬਿਆਨ ਨਹੀਂ, ਸਗੋਂ ਕਾਂਗਰਸੀ ਨੇਤਾ ਰਾਹੁਲ ਗਾਂਧੀ ਦਾ ਇੱਕ ਛੋਟਾ ਜਿਹਾ ਜਵਾਬ ਬਣਿਆ ਹੈ। ਜਦੋਂ ਇੱਕ ਇੰਟਰਵਿਊ ਦੌਰਾਨ ਰਾਹੁਲ ਗਾਂਧੀ ਤੋਂ ਪੁੱਛਿਆ ਗਿਆ ਕਿ ਭਾਜਪਾ 'ਚ ਉਨ੍ਹਾਂ ਦਾ ਮਨਪਸੰਦ ਨੇਤਾ ਕੌਣ ਹੈ ਤਾਂ ਉਨ੍ਹਾਂ ਨੇ ਬਿਨਾਂ ਕਿਸੇ ਹਿਚਕਚਾਹਟ ਦੇ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਲਿਆ। ਇਸ ਤੋਂ ਬਾਅਦ ਸਿਆਸੀ ਗਲਿਆਰਿਆਂ 'ਚ ਇਸ ਬਿਆਨ ਦੇ ਕਈ ਮਾਇਨੇ ਕੱਢੇ ਜਾ ਰਹੇ ਹਨ। ਰਾਹੁਲ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਕਿਹਾ ਕਿ ਉਹ ਉਨ੍ਹਾਂ ਦੇ ਮਨਪਸੰਦ ਨੇਤਾਵਾਂ ਵਿੱਚੋਂ ਇੱਕ ਹਨ, ਇੱਕ ਵਧੀਆ ਮਿਲਟਰੀ ਹਿਸਟੋਰੀਅਨ ਹਨ ਅਤੇ ਉਨ੍ਹਾਂ ਨਾਲ ਕੰਮ ਕਰਨ ਦਾ

ਤਜੁਰਬਾ ਵੀ ਚੰਗਾ ਰਿਹਾ। ਭਾਵੇਂ ਇਹ ਇੱਕ ਛੋਟਾ ਜਿਹਾ ਜਵਾਬ ਸੀ ਪਰ ਪੰਜਾਬ ਦੀ ਸਿਆਸਤ 'ਚ ਇਸ ਨੂੰ ਇੱਕ ਵੱਡੇ ਸਿਆਸੀ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਰਾਹੁਲ ਗਾਂਧੀ ਦਾ ਇਹ ਬਿਆਨ ਸਿਰਫ਼ ਇੱਕ ਰਸਮੀ ਜਵਾਬ ਨਹੀਂ ਸੀ। ਇਸ ਦੇ ਪਿੱਛੇ ਕਈ ਸਿਆਸੀ ਸੁਨੇਹੇ ਲੁਕੇ ਹੋ ਸਕਦੇ ਹਨ। ਖ਼ਾਸ ਕਰਕੇ ਉਸ ਸਮੇਂ, ਜਦੋਂ ਪੰਜਾਬ ਕਾਂਗਰਸ ਅੰਦਰੂਨੀ ਖਿੱਚੋਤਾਣ ਦਾ ਸਾਹਮਣਾ ਕਰ ਰਹੀ ਹੈ ਅਤੇ ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਵੀ ਭਾਜਪਾ 'ਚ ਆਪਣੇ ਭਵਿੱਖ ਨੂੰ ਲੈ ਕੇ ਚਰਚਾਵਾਂ 'ਚ ਰਹਿੰਦੇ ਹਨ। ਕੈਪਟਨ ਅਮਰਿੰਦਰ ਸਿੰਘ ਕਈ ਮੌਕਿਆਂ 'ਤੇ ਇਹ ਕਹਿ ਚੁੱਕੇ ਹਨ ਕਿ ਉਨ੍ਹਾਂ ਦੇ ਰਾਹੁਲ ਗਾਂਧੀ ਅਤੇ ਗਾਂਧੀ ਪਰਿਵਾਰ ਨਾਲ ਨਿੱਜੀ ਸਬੰਧ ਅੱਜ ਵੀ ਬਣੇ ਹੋਏ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਉਨ੍ਹਾਂ ਨੂੰ ਜਨਮਦਿਨ 'ਤੇ ਵਧਾਈ ਦਿੰਦੇ ਹਨ ਅਤੇ ਦੋਵਾਂ ਵਿਚਕਾਰ ਸੰਪਰਕ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਕੈਪਟਨ ਇਹ ਵੀ ਕਹਿੰਦੇ ਰਹੇ ਹਨ ਕਿ ਕਾਂਗਰਸ ਦਾ ਸਿਆਸੀ ਕਲਚਰ ਉਨ੍ਹਾਂ ਨੂੰ ਵਧੇਰੇ ਸੁਖਦਾਈ ਲੱਗਦਾ ਸੀ ਅਤੇ ਉਹ ਉਸ ਮਾਹੌਲ 'ਚ ਜ਼ਿਆਦਾ ਆਰਾਮਦਾਇਕ ਮਹਿਸੂਸ ਕਰਦੇ ਸਨ। ਇਸੇ ਪਿਛੋਕੜ 'ਚ ਜਦੋਂ ਰਾਹੁਲ ਗਾਂਧੀ ਨੇ ਭਾਜਪਾ ਦੇ ਆਪਣੇ ਮਨਪਸੰਦ ਨੇਤਾ ਵਜੋਂ ਕੈਪਟਨ ਦਾ ਨਾਂ ਲਿਆ ਤਾਂ ਇਸ ਨੂੰ ਸਿਰਫ਼ ਨਿੱਜੀ ਪ੍ਰਸ਼ੰਸਾ ਤੱਕ ਸੀਮਤ ਨਹੀਂ ਮੰਨਿਆ ਜਾ ਰਿਹਾ। ਸਿਆਸੀ ਹਲਕਿਆਂ 'ਚ ਇਹ ਚਰਚਾ ਛਿੜ ਗਈ ਹੈ ਕਿ ਕੀ ਰਾਹੁਲ ਗਾਂਧੀ ਨੇ ਇੱਕੋ ਸਮੇਂ ਤਿੰਨ ਵੱਖ-ਵੱਖ ਸੁਨੇਹੇ ਦੇਣ ਦੀ ਕੋਸ਼ਿਸ਼ ਕੀਤੀ ਹੈ। ਪਹਿਲਾ ਸੁਨੇਹਾ ਕੈਪਟਨ ਅਮਰਿੰਦਰ ਸਿੰਘ ਲਈ ਮੰਨਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਸਿਆਸੀ ਰਾਹ ਭਾਵੇਂ ਵੱਖ ਹੋ ਗਏ ਹੋਣ, ਪਰ ਨਿੱਜੀ ਰਿਸ਼ਤਿਆਂ 'ਚ ਕੜਵਾਹਟ ਨਹੀਂ ਹੈ। ਇਹ ਵੀ ਸੰਕੇਤ ਦਿੱਤਾ ਗਿਆ ਕਿ ਕਾਂਗਰਸ ਲੀਡਰਸ਼ਿਪ ਅੱਜ ਵੀ ਕੈਪਟਨ ਦੇ ਯੋਗਦਾਨ ਨੂੰ ਸਨਮਾਨ ਨਾਲ ਯਾਦ ਕਰਦੀ ਹੈ। ਦੂਜਾ ਸੁਨੇਹਾ ਭਾਜਪਾ ਲਈ ਮੰਨਿਆ ਜਾ ਰਿਹਾ ਹੈ। ਰਾਹੁਲ ਗਾਂਧੀ ਨੇ ਕਿਸੇ ਅਜਿਹੇ ਭਾਜਪਾ ਨੇਤਾ ਦਾ ਨਾਮ ਨਹੀਂ ਲਿਆ, ਜਿਸ ਦੀ ਰਾਜਨੀਤਿਕ ਪਛਾਣ ਸੰਘ ਜਾਂ ਭਾਜਪਾ ਨਾਲ ਹੀ ਜੁੜੀ ਰਹੀ ਹੋਵੇ। ਇਸ ਦੀ ਬਜਾਏ ਉਨ੍ਹਾਂ ਨੇ ਉਸ ਨੇਤਾ ਦਾ ਨਾਂ ਲਿਆ, ਜਿਸ ਦੀ ਰਾਜਨੀਤਿਕ ਸ਼ੁਰੂਆਤ ਅਤੇ ਲੰਬਾ ਸਫ਼ਰ ਕਾਂਗਰਸ ਨਾਲ ਜੁੜਿਆ ਰਿਹਾ। ਇਸ ਕਰਕੇ ਕੁੱਝ ਮਾਹਿਰ ਇਸ ਨੂੰ ਇੱਕ ਪ੍ਰਤੀਕਾਤਮਕ ਰਾਜਨੀਤਿਕ ਸੁਨੇਹੇ ਵਜੋਂ ਵੀ ਦੇਖ ਰਹੇ ਹਨ।

ਚੰਨੀ ਨੇ ਸੰਕਟ ਦੇ ਸਮੇਂ ਕਾਂਗਰਸ ਦਾ ਸਾਥ ਦਿੱਤਾ ਪਰ ਹੁਣ ਉਸ ਨੂੰ ਹਾਸ਼ੀਏ 'ਤੇ ਧੱਕ ਦਿੱਤਾ : ਮੁੱਖ ਮੰਤਰੀ ਸੈਣੀ

ਕੌਮੀ ਪਤ੍ਰਿਕਾ

ਚੰਡੀਗੜ੍ਹ 7 ਅਗਸਤ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਨੇ ਆਪਣੇ ਨੇਤਾ ਚਰਨਜੀਤ ਸਿੰਘ ਚੰਨੀ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਕਾਂਗਰਸ ਕਿਸੇ ਵੀ ਦਲਿਤ ਜਾਂ ਪੱਛੜੇ ਵਰਗ ਦੇ ਨੇਤਾ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਸੈਣੀ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਵੋਟ ਬੈਂਕ ਦੀ ਰਾਜਨੀਤੀ ਕੀਤੀ ਹੈ ਅਤੇ ਗਰੀਬਾਂ ਅਤੇ ਪੱਛੜੇ ਵਰਗਾਂ ਦੀਆਂ ਵੋਟਾਂ ਲਈਆਂ ਹਨ ਪਰ ਉਨ੍ਹਾਂ ਲਈ ਕੁਝ ਨਹੀਂ ਕੀਤਾ ਹੈ। ਇਥੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਪੰਜਾਬ ਕਾਂਗਰਸ 'ਚ ਧੜੇਬੰਦੀ ਅਤੇ ਸੂਬੇ ਦੇ ਕੁਝ ਹਿੱਸਿਆਂ 'ਚ ਸੀਨੀਅਰ ਨੇਤਾਵਾਂ ਨੂੰ ਨਿਸ਼ਾਨਾ ਬਣਾ ਕੇ ਲਗਾਏ ਗਏ ਪੋਸਟਰਾਂ ਬਾਰੇ ਪੁੱਛੇ ਜਾਣ 'ਤੇ ਸੈਣੀ ਪ੍ਰਤੀਕਿਰਿਆ ਦੇ ਰਹੇ ਸਨ। ਪੰਜਾਬ ਦੇ ਮੁਕਤਸਰ 'ਚ ਬਘੇਲ ਵਾਪਸ ਜਾਓ ਦੇ ਪੋਸਟਰ ਦੇਖੇ ਗਏ, ਜਦੋਂ ਕਿ ਫਿਰੋਜ਼ਪੁਰ 'ਚ ਚੰਨੀ ਨੂੰ RSS ਲਿਖੀ ਹੋਈ ਬਨਿਆਨ ਪਹਿਨੀ ਦਿਖਾਈ ਦਿੱਤੀ। ਭੁਪੇਸ਼ ਬਘੇਲ ਪੰਜਾਬ ਦੇ ਕਾਂਗਰਸ ਇੰਚਾਰਜ ਹਨ। ਦਲਿਤ ਭਾਈਚਾਰੇ ਨਾਲ ਸਬੰਧਤ ਕਾਂਗਰਸ

ਦੇ ਪ੍ਰਮੁੱਖ ਨੇਤਾ ਚੰਨੀ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਮੌਜੂਦਾ ਸੰਸਦ ਮੈਂਬਰ ਹਨ। ਇਕ ਸਵਾਲ ਦੇ ਜਵਾਬ 'ਚ ਸੈਣੀ ਨੇ ਕਿਹਾ ਕਿ ਕਾਂਗਰਸ ਨੇ ਚੰਨੀ ਨੂੰ ਚੋਣ ਪ੍ਰਚਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਅਤੇ ਫਿਰ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ। ਸੈਣੀ ਨੇ ਕਿਹਾ,ਇਹ ਕਾਂਗਰਸ ਦੀ ਨੀਤੀ ਹੈ। ਕਾਂਗਰਸ ਕਿਸੇ ਵੀ ਪਛੜੇ ਜਾਂ ਦਲਿਤ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ,ਜ਼ਰਾ ਉਸ ਵਿਅਕਤੀ ਬਾਰੇ ਸੋਚੋ, ਜਿਸ ਨੇ ਕਾਂਗਰਸ ਦੇ ਸਭ ਤੋਂ ਔਖੇ ਸਮੇਂ 'ਚ ਪਾਰਟੀ ਦਾ ਸਾਥ ਨਹੀਂ ਛੱਡਿਆ, ਔਖੇ ਸਮੇਂ 'ਚ ਵੀ ਪਾਰਟੀ ਲਈ ਮਜ਼ਬੂਤੀ ਨਾਲ ਖੜ੍ਹਾ ਰਿਹਾ, ਪਰ ਬਾਅਦ 'ਚ ਉਸ ਨੂੰ ਹੀ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਹਰਿਆਣਾ ਦੇ ਮੁੱਖ ਮੰਤਰੀ ਨੇ ਵਿਅੰਗ ਕਰਦਿਆਂ ਕਿਹਾ,ਹਾਥੀ ਦੇ ਦੰਦ ਦਿਖਾਉਣ ਦੇ ਹੋਰ ਅਤੇ ਖਾਣ ਦੇ ਹੋਰ ਹੁੰਦੇ ਹਨ।

ਮੈਂ ਜਾਗਰੂਕ ਹਿੰਦੂ ਬਣਨਾ ਚਾਹੁੰਦੀ ਹਾਂ : ਕੰਗਨਾ ਰਣੌਤ

ਨਵੀਂ ਦਿੱਲੀ 7 ਅਗਸਤ। ਹਾਲ ਹੀ ਵਿਚ 'ਜੈਨ ਜ਼ੀ' ਪ੍ਰਦਰਸ਼ਨਕਾਰੀਆਂ ਨੂੰ 'ਜਨਰੇਸ਼ਨ ਗੱਟਰ' ਕਹਿਣ ਕਾਰਨ ਚਰਚਾ ਵਿਚ ਰਹੀ ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਕਿਹਾ ਕਿ ਉਹ ਪਹਿਲਾਂ ਇੱਕ 'ਉਦਾਰਵਾਦੀ ਸੋਚ ਵਾਲੀ ਹਿੰਦੂ' ਸੀ, ਪਰ ਹੁਣ 'ਖੁਦ ਨੂੰ ਬਦਲ ਕੇ' ਇਕ 'ਜਾਗਰੂਕ ਹਿੰਦੂ' ਬਣਨਾ ਚਾਹੁੰਦੀ ਹੈ। 'ਇੰਸਟਾਗ੍ਰਾਮ' 'ਤੇ ਪੋਸਟ ਕੀਤੀ ਗਈ ਇਕ ਵੀਡੀਓ ਵਿਚ ਰਣੌਤ ਨੇ ਉਨ੍ਹਾਂ ਲੋਕਾਂ ਦੀ ਆਲੋਚਨਾ ਕੀਤੀ ਜੋ ਇਕ ਅਦਾਕਾਰਾ ਵਜੋਂ ਉਸ ਦੇ ਅਤੀਤ ਨੂੰ ਦੇਖਦੇ ਹੋਏ ਉਸ ਦੇ ਮੌਜੂਦਾ ਵਿਚਾਰਾਂ 'ਤੇ ਸਵਾਲ ਚੁੱਕਦੇ ਹਨ। ਉਸ ਨੇ ਕਿਹਾ ਕਿ ਮੈਨੂੰ ਮੇਹਣਾ ਮਾਰਿਆ ਜਾਂਦਾ ਹੈ ਕਿ ਤੂੰ ਕਦੋਂ ਤੋਂ ਸੰਘੀ ਬਣ ਗਈ? ਮੈਂ ਸੰਘੀ ਬਣਨਾ ਚਾਹੁੰਦੀ ਹਾਂ। ਮੈਂ ਭਾਜਪਾ ਅਤੇ ਆਰ. ਐੱਸ. ਐੱਸ. ਦੀ ਵਿਚਾਰਧਾਰਾ ਅਪਣਾਉਣਾ ਚਾਹੁੰਦੀ ਹਾਂ, ਜੋ ਇਕ ਜਾਗਰੂਕ ਹਿੰਦੂ ਦੀ ਵਿਚਾਰਧਾਰਾ ਹੈ। ਮੈਂ ਅਜਿਹਾ ਕਿਉਂ ਨਹੀਂ ਕਰ ਸਕਦੀ? ਜਦੋਂ ਹਿੰਦੂ ਧੀਆਂ ਦੀ ਗੱਲ ਆਉਂਦੀ ਹੈ, ਤਾਂ ਸਮਾਜ ਦੇ ਕਥਿਤ ਠੇਕੇਦਾਰ ਸਾਡੀ 10 ਸਾਲ ਪੁਰਾਣੀ ਜ਼ਿੰਦਗੀ ਨੂੰ ਦੇਖਣ ਲੱਗਦੇ ਹਨ ਅਤੇ ਕਹਿੰਦੇ ਹਨ ਕਿ ਤੂੰ ਪਹਿਲਾਂ ਪਾਰਟੀਆਂ ਕਰਦੀ ਸੀ, ਤੂੰ ਇਹ ਕਰਦੀ ਸੀ। ਹਾਂ, ਮੈਂ ਕਰਦੀ ਸੀ, ਪਰ ਹੁਣ ਮੈਂ ਬਦਲਣਾ ਚਾਹੁੰਦੀ ਹਾਂ। ਮੇਰੇ ਲਈ ਇਹ ਰਸਤਾ ਬੰਦ ਕਿਉਂ ਹੋਵੇ?

17 ਅਗਸਤ ਤੋਂ ਪਹਿਲਾਂ ਹਾਈ ਅਲਰਟ 'ਤੇ ਦਿੱਲੀ, ਡਰੋਨ ਸਮੇਤ ਛੋਟੇ ਹਵਾਈ ਉਪਕਰਣ ਉਡਾਉਣ 'ਤੇ ਰੋਕ

ਨਵੀਂ ਦਿੱਲੀ 7 ਅਗਸਤ। ਆਜ਼ਾਦੀ ਦਿਹਾੜੇ ਤੋਂ ਪਹਿਲਾਂ ਰਾਜਧਾਨੀ ਵਿਚ ਸੁਰੱਖਿਆ ਦੇ ਸਖਤ ਪ੍ਰਬੰਧ ਸ਼ੁਰੂ ਕਰ ਦਿੱਤੇ ਗਏ ਹਨ। ਅੱਤਵਾਦੀ ਖ਼ਤਰੇ ਅਤੇ ਖ਼ੁਫ਼ੀਆ ਏਜੰਸੀਆਂ ਤੋਂ ਮਿਲੇ ਇਨਪੁਟਸ ਨੂੰ ਦੇਖਦੇ ਹੋਏ ਦਿੱਲੀ ਪੁਲਸ ਨੇ ਡਰੋਨ ਸਮੇਤ ਹਰ ਤਰ੍ਹਾਂ ਦੇ ਛੋਟੇ ਹਵਾਈ ਉਪਕਰਣ ਉਡਾਉਣ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਹੈ। ਦਿੱਲੀ ਪੁਲਸ ਕਮਿਸ਼ਨਰ ਅਨੁਰਾਗ ਕੁਮਾਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ. ਐੱਨ. ਐੱਸ. ਐੱਸ.) ਦੀ ਧਾਰਾ 163 ਤਹਿਤ ਜਾਰੀ ਇਹ ਹੁਕਮ 2 ਅਗਸਤ ਤੋਂ ਲਾਗੂ ਹੋ ਗਿਆ ਹੈ ਅਤੇ 17 ਅਗਸਤ ਤੱਕ ਪ੍ਰਭਾਵੀ ਰਹੇਗਾ। ਪੁਲਸ ਮੁਤਾਬਕ, ਆਜ਼ਾਦੀ ਦਿਹਾੜੇ ਦੇ ਸਮਾਗਮ ਦੌਰਾਨ ਅਸਮਾਜਿਕ ਅਨਸਰ ਜਾਂ ਅੱਤਵਾਦੀ ਡਰੋਨ ਅਤੇ ਦੂਜੇ ਛੋਟੇ ਹਵਾਈ ਉਪਕਰਣਾਂ ਦੀ ਵਰਤੋਂ ਕਰ ਕੇ ਆਮ ਲੋਕਾਂ, ਵੀ. ਆਈ. ਪੀਜ਼., ਮਹੱਤਵਪੂਰਨ ਸਰਕਾਰੀ ਇਮਾਰਤਾਂ ਅਤੇ ਸਮਾਗਮ ਵਾਲੀ ਥਾਂ ਦੀ ਸੁਰੱਖਿਆ ਨੂੰ ਖ਼ਤਰਾ ਪਹੁੰਚਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸੇ ਖ਼ਦਸ਼ੇ ਨੂੰ ਦੇਖਦੇ ਹੋਏ ਸਾਵਧਾਨੀ ਵਜੋਂ ਰਾਜਧਾਨੀ ਦੇ ਆਸਮਾਨ ਵਿਚ ਅਜਿਹੇ ਸਾਰੇ ਉਪਕਰਣਾਂ ਦੀ ਉਡਾਣ 'ਤੇ ਪਾਬੰਦੀ ਲਗਾਈ ਗਈ ਹੈ। ਪਾਬੰਦੀ ਦੌਰਾਨ ਡਰੋਨ ਭਾਵ ਯੂ. ਏ. ਵੀ. ਅਤੇ ਯੂ. ਏ. ਐੱਸ. ਤੋਂ ਇਲਾਵਾ ਕਵਾਡਕਾਪਟਰ, ਪੈਰਾਗਲਾਈਡਰ, ਪੈਰਾਮੋਟਰ, ਹੈਂਗ ਗਲਾਈਡਰ, ਮਾਈਕ੍ਰੋਲਾਈਟ ਏਅਰਕ੍ਰਾਫ਼ਟ, ਰਿਮੋਟ ਨਾਲ ਸੰਚਾਲਿਤ ਏਅਰਕ੍ਰਾਫ਼ਟ, ਹਾਟ ਏਅਰ ਬੈਲੂਨ ਅਤੇ ਛੋਟੇ ਪਾਵਰਡ ਏਅਰਕ੍ਰਾਫ਼ਟ ਉਡਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਤੋਂ ਇਲਾਵਾ ਜਹਾਜ਼ ਤੋਂ ਪੈਰਾ ਜੰਪਿੰਗ ਵਰਗੀਆਂ ਗਤੀਵਿਧੀਆਂ 'ਤੇ ਵੀ ਪੂਰੀ ਤਰ੍ਹਾਂ ਰੋਕ ਰਹੇਗੀ।

ਮੁਖਤਾਰ ਅੰਸਾਰੀ ਦੇ ਸਹਿਯੋਗੀ ਦੀ 9.5 ਕਰੋੜ ਰੁਪਏ ਦੀ ਜਾਇਦਾਦ ਕੁਰਕ

ਗਾਜ਼ੀਪੁਰ 7 ਅਗਸਤ। ਉੱਤਰ ਪ੍ਰਦੇਸ਼ ਪੁਲਸ ਨੇ ਦੱਸਿਆ ਕਿ ਉਸ ਨੇ ਲਗਭਗ 9.5 ਕਰੋੜ ਰੁਪਏ ਦੀ ਅਚੱਲ ਜਾਇਦਾਦ ਕੁਰਕ ਕੀਤੀ ਹੈ, ਜੋ ਬਾਹੂਬਲੀ ਨੇਤਾ ਮੁਖਤਾਰ ਅੰਸਾਰੀ ਦੇ ਕਰੀਬੀ ਮੰਨੇ ਜਾਣ ਵਾਲੇ ਅੰਗਦ ਰਾਏ ਉਰਫ਼ ਝੂਲਨ ਦੀ ਦੱਸੀ ਜਾ ਰਹੀ ਹੈ। ਪੁਲਸ ਦਾ ਦਾਅਵਾ ਹੈ ਕਿ ਇਹ ਜਾਇਦਾਦ ਸੰਗਠਿਤ ਅਪਰਾਧ ਤੋਂ ਕਮਾਏ ਪੈਸੇ ਨਾਲ ਖਰੀਦੀ ਗਈ ਸੀ। ਪੁਲਸ ਅਨੁਸਾਰ, ਇਹ ਕਾਰਵਾਈ ਉੱਤਰ ਪ੍ਰਦੇਸ਼ ਗੈਂਗਸਟਰ ਅਤੇ ਸਮਾਜ ਵਿਰੋਧੀ ਗਤੀਵਿਧੀਆਂ (ਰੋਕਥਾਮ) ਐਕਟ, 1986 ਦੀ ਧਾਰਾ 14(1) ਦੇ ਤਹਿਤ ਗਾਜ਼ੀਪੁਰ ਦੇ ਜ਼ਿਲ੍ਹਾ ਮੈਜਿਸਟ?ਰੇਟ ਦੇ ਹੁਕਮਾਂ 'ਤੇ ਕੀਤੀ ਗਈ ਹੈ। ਪੁਲਸ ਦਾ ਕਹਿਣਾ ਹੈ ਕਿ ਇਹ ਜਾਇਦਾਦ ਅੰਗਦ ਰਾਏ ਦੀ ਪਤਨੀ ਸਰਿਤਾ ਰਾਏ ਦੇ ਨਾਂ 'ਤੇ ਖਰੀਦੀ ਗਈ ਸੀ। ਇਹ ਕਾਰਵਾਈ 2023 ਵਿੱਚ ਗਾਜ਼ੀਪੁਰ ਦੇ ਕੋਤਵਾਲੀ ਥਾਣੇ ਵਿੱਚ ਗੈਂਗਸਟਰ ਐਕਟ ਦੇ ਤਹਿਤ ਦਰਜ ਇੱਕ ਮਾਮਲੇ ਵਿੱਚ ਕੀਤੀ ਗਈ ਹੈ। ਪੁਲਸ ਅਨੁਸਾਰ, ਅੰਗਦ ਰਾਏ ਦੇ ਖਿਲਾਫ ਕਤਲ, ਜਬਰੀ ਵਸੂਲੀ (ਰੰਗਦਾਰੀ), ਗੈਂਗਸਟਰ ਐਕਟ ਅਤੇ ਹੋਰ ਗੰਭੀਰ ਮਾਮਲਿਆਂ ਸਮੇਤ ਕਈ ਅਪਰਾਧਿਕ ਕੇਸ ਦਰਜ ਹਨ।

ਸਕੂਲੀ ਫੀਸਾਂ ਦੀ ਵਾਧਾ ਦਰ 5% ਤੈਅ, ਆਊਟਸੋਰਸ ਮੁਲਾਜ਼ਮਾਂ ਨੂੰ ਰਾਹਤ ਅਤੇ 3 ਡਿਜੀਟਲ ਯੂਨੀਵਰਸਿਟੀਆਂ ਨੂੰ ਹਰੀ ਝੰਡੀ: ਹਰਪਾਲ ਸਿੰਘ ਚੀਮਾ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ 7 ਅਗਸਤ। ਪੰਜਾਬ ਮੰਤਰੀ ਮੰਡਲ ਦੀ ਅਹਿਮ ਮੀਟਿੰਗ ਖਤਮ ਹੋ ਗਈ ਹੈ। ਮੀਟਿੰਗ ਵਿਚ ਲਏ ਗਏ ਅਹਿਮ ਫੈਸਲਿਆਂ ਬਾਰੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜਾਣਕਾਰੀ ਦੇ ਰਹੇ ਹਨ ਜੋ ਇਸ ਪ੍ਰਕਾਰ ਹੈ... ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕੱਚੇ ਤੇ ਆਊਟਸੋਰਸ ਮੁਲਾਜ਼ਮਾਂ ਲਈ ਇੱਕ ਵੱਡਾ ਅਤੇ ਇਤਿਹਾਸਕ ਕਦਮ ਚੁੱਕਦਿਆਂ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਆਊਟਸੋਰਸ ਕਾਮਿਆਂ ਨਾਲ ਜੁੜੇ ਅਹਿਮ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਇਸ ਉੱਚ-ਪੱਧਰੀ ਮੀਟਿੰਗ ਵਿੱਚ ਸੂਬੇ ਅੰਦਰ ਚੱਲ ਰਹੀ ਪੁਰਾਣੀ ਠੇਕੇਦਾਰੀ ਸਿਸਟਮ (ਆਊਟਸੋਰਸ ਪ੍ਰਣਾਲੀ) ਨੂੰ ਖ਼ਤਮ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਇਸ ਫ਼ੈਸਲੇ ਨਾਲ ਵੱਖ-ਵੱਖ ਵਿਭਾਗਾਂ ਵਿੱਚ ਸੇਵਾਵਾਂ ਨਿਭਾ ਰਹੇ ਹਜ਼ਾਰਾਂ ਆਊਟਸੋਰਸ ਕਾਮਿਆਂ ਨੂੰ ਸਿੱਧੇ ਤੌਰ 'ਤੇ ਸਰਕਾਰੀ ਠੇਕੇ ਅਧੀਨ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ, ਜਿਸ ਨਾਲ ਉਨ੍ਹਾਂ ਦੇ ਪੱਕੇ ਹੋਣ ਵੱਲ ਰਸਤਾ ਸਾਫ਼ ਹੋ ਗਿਆ ਹੈ। ਉੱਚ ਸਿੱਖਿਆ ਦੇ ਖੇਤਰ ਵਿੱਚ, ਸਰਕਾਰ ਨੇ ਤਿੰਨ ਨਵੀਆਂ ਨਿੱਜੀ ਡਿਜੀਟਲ ਓਪਨ ਯੂਨੀਵਰਸਿਟੀਆਂ ਦੀ ਸਥਾਪਨਾ ਨੂੰ ਪ੍ਰਵਾਨਗੀ ਦੇ ਕੇ ਇੱਕ

ਪੰਜਾਬ 'ਚ ਵਾਇਰਲ ਬੁਖਾਰ ਦਾ ਕਹਿਰ ! ਮਰੀਜ਼ਾਂ ਦੀ ਵਧੀ ਗਿਣਤੀ, ਸਿਹਤ ਵਿਭਾਗ ਵੱਲੋਂ ਐਡਵਾਈਜ਼ਰੀ ਜਾਰੀ

ਕੌਮੀ ਪਤ੍ਰਿਕਾ

ਅੰਮ੍ਰਿਤਸਰ 7 ਅਗਸਤ। ਮਾਨਸੂਨ ਦੇ ਮੌਸਮ ਦੇ ਨਾਲ-ਨਾਲ ਅੰਮ੍ਰਿਤਸਰ 'ਚ ਡੇਂਗੂ ਅਤੇ ਵਾਇਰਲ ਬੁਖਾਰ ਦਾ ਖ਼ਤਰਾ ਤੇਜ਼ੀ ਨਾਲ ਵਧਣ ਲੱਗਾ ਹੈ। ਸ਼ਹਿਰ ਦੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ, ਕਲੀਨਿਕਾਂ ਅਤੇ ਸਿਹਤ ਕੇਂਦਰਾਂ 'ਚ ਪਿਛਲੇ ਕੁਝ ਦਿਨਾਂ ਤੋਂ ਤੇਜ਼ ਬੁਖਾਰ, ਖੰਘ, ਜ਼ੁਕਾਮ, ਗਲੇ ਦੀ ਇਨਫੈਕਸ਼ਨ, ਸਰੀਰ 'ਚ ਦਰਦ, ਸਿਰ ਦਰਦ ਅਤੇ ਕਮਜ਼ੋਰੀ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਬਦਲਾਅ ਹੁੰਦੇ ਮੌਸਮ, ਵਧਦੀ ਨਮੀ ਅਤੇ ਥਾਂ-ਥਾਂ ਜਮ?ਹਾ ਹੋਏ ਪਾਣੀ ਕਾਰਨ ਵਾਇਰਲ ਇਨਫੈਕਸ਼ਨ ਤੇਜ਼ੀ ਨਾਲ ਫੈਲ ਰਿਹਾ ਹੈ, ਜਦਕਿ ਡੇਂਗੂ ਫੈਲਾਉਣ ਵਾਲੇ ਐਡੀਜ਼ ਮੱਛਰ ਦੇ ਪੈਦਾ ਹੋਣ ਲਈ ਵੀ ਅਨੁਕੂਲ ਹਾਲਾਤ ਬਣ ਗਏ ਹਨ। ਸਿਹਤ ਵਿਭਾਗ ਨੇ ਪੂਰੇ ਜ਼ਿਲਾ 'ਚ ਐਂਟੀ-ਡੇਂਗੂ ਮੁਹਿੰਮ ਤੇਜ਼ ਕਰ ਦਿੱਤੀ ਹੈ। ਵਿਭਾਗ ਦੀਆਂ ਟੀਮਾਂ ਵੱਖ-ਵੱਖ ਇਲਾਕਿਆਂ 'ਚ ਘਰ-ਘਰ ਜਾ ਕੇ ਲਾਰਵੇ ਦੀ ਜਾਂਚ ਕਰ ਰਹੀਆਂ ਹਨ। ਇਸ ਤੋਂ ਇਲਾਵਾ ਫੌਗਿੰਗ, ਜਾਗਰੂਕਤਾ ਮੁਹਿੰਮ ਅਤੇ ਸਾਫ਼-ਸਫ਼ਾਈ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਘਰਾਂ,

ਦੁਕਾਨਾਂ ਅਤੇ ਆਲੇ-ਦੁਆਲੇ ਕਿਸੇ ਵੀ ਥਾਂ 'ਚ ਪਾਣੀ ਜਮ?ਹਾ ਨਾ ਹੋਣ ਦੇਣ। ਕੂਲਰਾਂ, ਗਮਲਿਆਂ, ਪੁਰਾਣੇ ਟਾਇਰਾਂ, ਛੱਤ 'ਤੇ ਰੱਖੇ ਬਰਤਨਾਂ ਅਤੇ ਪਾਣੀ ਦੀਆਂ ਟੈਂਕੀਆਂ ਦੀ ਨਿਯਮਤ ਸਫ਼ਾਈ ਕਰਨ, ਕਿਉਂਕਿ ਇਨ੍ਹਾਂ ਹੀ ਥਾਵਾਂ 'ਤੇ ਡੇਂਗੂ ਫੈਲਾਉਣ ਵਾਲੇ ਮੱਛਰ ਸਭ ਤੋਂ ਵੱਧ ਪੈਦਾ ਹੋਣ ਦਾ ਖਦਸ਼ਾ ਰਹਿੰਦਾ ਹੈ। ਸ਼ਹਿਰ ਦੇ ਡਾਕਟਰਾਂ ਅਨੁਸਾਰ ਇਨੀਂ ਦਿਨੀਂ ਵੱਡੀ ਗਿਣਤੀ 'ਚ ਮਰੀਜ਼ ਤੇਜ਼ ਬੁਖਾਰ, ਖੰਘ, ਗਲੇ 'ਚ ਦਰਦ, ਸਰੀਰ ਦਰਦ ਅਤੇ ਬਹੁਤ ਜ਼ਿਆਦਾ ਕਮਜ਼ੋਰੀ ਦੀ ਸ਼ਿਕਾਇਤ ਲੈ ਕੇ ਹਸਪਤਾਲ ਪਹੁੰਚ ਰਹੇ ਹਨ। ਕਈ ਮਰੀਜ਼ਾਂ 'ਚ ਡੇਂਗੂ ਵਰਗੇ ਲੱਛਣ ਵੀ ਵਿਖਾਈ ਦੇ ਰਹੇ ਹਨ, ਜਿਸ ਕਾਰਨ ਉਨ੍ਹਾਂ ਦੇ ਖ਼ੂਨ ਟੈਸਟ ਅਤੇ ਪਲੇਟਲੈਟਸ ਦੀ ਜਾਂਚ ਕਰਵਾਈ ਜਾ ਰਹੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਸਾਰੇ ਬੁਖਾਰ ਡੇਂਗੂ ਨਹੀਂ ਹੁੰਦੇ ਪਰ ਕਿਸੇ ਵੀ ਤਰ੍ਹਾਂ ਦੇ ਤੇਜ਼ ਬੁਖਾਰ ਨੂੰ ਨਜ਼ਰਅੰਦਾਜ਼ ਕਰਨਾ ਖ਼ਤਰਨਾਕ ਸਾਬਤ ਹੋ ਸਕਦਾ ਹੈ। ਸਮੇਂ ਸਿਰ ਜਾਂਚ ਅਤੇ ਸਹੀ ਇਲਾਜ ਨਾਲ ਗੰਭੀਰ ਸਥਿਤੀ ਤੋਂ ਬਚਿਆ ਜਾ ਸਕਦਾ ਹੈ। ਡੇਂਗੂ ਦੇ ਲੱਛਣਾਂ 'ਚ ਤੇਜ਼ ਬੁਖਾਰ, ਸਿਰਦਰਦ, ਅੱਖਾਂ ਦੇ ਪਿੱਛੇ ਦਰਦ, ਜੋੜਾਂ ਅਤੇ ਮਾਸਪੇਸ਼ੀਆਂ 'ਚ ਤੇਜ਼ ਦਰਦ, ਚਮੜੀ 'ਤੇ ਲਾਲ ਧੱਫੜ, ਉਲਟੀ ਅਤੇ ਪਲੇਟਲੈਟਸ 'ਚ ਕਮੀ ਸ਼ਾਮਲ ਹੋ ਸਕਦੀ ਹੈ। ਜੇਕਰ ਮਰੀਜ਼ ਨੂੰ ਸਾਹ ਲੈਣ 'ਚ ਤਕਲੀਫ਼, ਲਗਾਤਾਰ ਉਲਟੀ, ਨੱਕ ਜਾਂ ਮਸੂੜਿਆਂ ਵਿਚੋਂ ਖ਼ੂਨ ਆਉਣਾ ਜਾਂ ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਹੋਵੇ ਤਾਂ ਤੁਰੰਤ ਹਸਪਤਾਲ 'ਚ ਦਾਖਲ ਕਰਵਾਉਣਾ ਚਾਹੀਦਾ ਹੈ। ਡੇਂਗੂ ਦੇ ਡੰਗ ਤੋਂ ਬਚਣ ਲਈ ਘਰ 'ਚ ਰੱਖੇ ਪਾਣੀ ਦੇ ਸਾਰੇ ਬਰਤਨਾਂ, ਕੂਲਰਾਂ ਅਤੇ ਟੈਂਕੀਆਂ ਨੂੰ ਪੂਰੀ ਤਰ੍ਹਾਂ ਖਾਲੀ ਕਰ ਕੇ ਸਾਫ਼ ਕੀਤਾ ਜਾਵੇ ਤਾਂ ਜੋ ਮੱਛਰਾਂ ਦੇ ਲਾਰਵੇ ਨੂੰ ਨਸ਼ਟ ਕੀਤਾ ਜਾ ਸਕੇ। ਇਸ ਦੇ ਨਾਲ ਹੀ ਪੂਰੀਆਂ ਬਾਂਹਾਂ ਦੇ ਕੱਪੜੇ ਪਹਿਨਣ, ਮੱਛਰਦਾਨੀ ਦੀ ਵਰਤੋਂ ਕਰਨ ਅਤੇ ਬੱਚਿਆਂ ਨੂੰ ਮੱਛਰਾਂ ਤੋਂ ਬਚਾਉਣ ਦੀ ਸਲਾਹ ਕੀਤੀ ਗਈ ਹੈ। ਵਾਇਰਲ ਬੁਖਾਰ ਜਾਂ ਡੇਂਗੂ ਦਾ ਖਦਸ਼ਾ ਹੋਣ 'ਤੇ ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਵੀ ਦਵਾਈ ਨਹੀਂ ਲੈਣੀ ਚਾਹੀਦੀ। ਵਿਸ਼ੇਸ਼ ਤੌਰ 'ਤੇ ਦਰਦ ਨਿਵਾਰਕ ਦਵਾਈਆਂ ਦਾ ਸੇਵਨ ਡਾਕਟਰੀ ਸਲਾਹ ਤੋਂ ਬਾਅਦ ਹੀ ਕਰੋ। ਮਰੀਜ਼ਾਂ ਨੂੰ ਲੋੜੀਂਦੀ ਮਾਤਰਾ 'ਚ ਪਾਣੀ, ਨਾਰੀਅਲ ਪਾਣੀ, ਓ. ਆਰ. ਐੱਸ., ਤਾਜ਼ੇ ਫਲਾਂ ਦਾ ਰਸ ਅਤੇ ਹੋਰ ਤਰਲ ਪਦਾਰਥ ਲੈਣ ਦੀ ਸਲਾਹ ਦਿੱਤੀ ਜਾ ਰਹੀ ਹੈ ਤਾਂ ਜੋ ਸਰੀਰ 'ਚ ਪਾਣੀ ਦੀ ਕਮੀ ਨਾ ਹੋਵੇ। ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਾਫ਼-ਸਫ਼ਾਈ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਅਤੇ ਜੇਕਰ ਘਰ ਜਾਂ ਆਲੇ-ਦੁਆਲੇ ਕਿਤੇ ਪਾਣੀ ਜਮ?ਹਾ ਹੋ ਰਹੀ ਹੈ ਤਾਂ ਉਸ ਦੀ ਤੁਰੰਤ ਸਫ਼ਾਈ ਕਰਨ। ਵਿਭਾਗ ਦਾ ਕਹਿਣਾ ਹੈ ਕਿ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਡੇਂਗੂ ਅਤੇ ਵਾਇਰਲ ਬੁਖਾਰ 'ਤੇ ਪ੍ਰਭਾਵਸ਼ਾਲੀ ਕਾਬੂ ਪਾਉਣਾ ਸੰਭਵ ਨਹੀਂ ਹੈ। ਜੇਕਰ ਹਰ ਨਾਗਰਿਕ ਚੌਕਸੀ ਵਰਤੇ ਅਤੇ ਸਮੇਂ ਸਿਰ ਜਾਂਚ ਕਰਵਾਏ ਤਾਂ ਇਨ੍ਹਾਂ ਬੀਮਾਰੀਆਂ ਦੇ ਵਧਦੇ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕਦਾ ਹੈ।

ਕੁਦਰਤ ਦਾ ਕਹਿਰ ! ਨਾਗਾਲੈਂਡ 'ਚ ਕਈ ਥਾਵਾਂ 'ਤੇ ਲੈਂਡਸਲਾਈਡ ਕਾਰਨ 8 ਲੋਕਾਂ ਦੀ ਮੌਤਾਂ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 7 ਅਗਸਤ। ਨਾਗਾਲੈਂਡ ਦੇ ਮੋਨ ਜ਼ਿਲ੍ਹੇ ਵਿੱਚ ਐਤਵਾਰ ਨੂੰ ਕਈ ਥਾਵਾਂ 'ਤੇ ਭਾਰੀ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 8 ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ ਜ਼ਖਮੀ ਹੋ ਗਏ। ਸੋਮ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੈਨੀ ਕੋਨਿਆਕ ਨੇ ਦੱਸਿਆ ਕਿ ਹੁਣ ਤੱਕ 4 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਤੇ 4 ਹੋਰ ਅਜੇ ਵੀ ਮਲਬੇ ਹੇਠ ਦੱਬੇ ਹੋਏ ਹਨ। ਵੇਨੀ ਕੋਨਿਆਕ ਨੇ ਕਿਹਾ, ਮੋਨ ਜ਼ਿਲ੍ਹੇ ਵਿੱਚ ਕਈ ਥਾਵਾਂ 'ਤੇ ਲਗਾਤਾਰ ਭਾਰੀ ਬਾਰਿਸ਼ ਕਾਰਨ ਜ਼ਮੀਨ ਖਿਸਕਣ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ ਹੈ। ਸਭ ਤੋਂ ਵੱਧ ਪ੍ਰਭਾਵਿਤ ਖੇਤਰ ਮੋਨ ਸ਼ਹਿਰ ਤੇ ਤਿਜ਼ਿਤ ਹਨ। ਭਾਰੀ ਬਾਰਿਸ਼ ਸਵੇਰੇ 1 ਵਜੇ ਦੇ ਕਰੀਬ ਸ਼ੁਰੂ ਹੋਈ ਅਤੇ ਸਾਨੂੰ ਸਵੇਰੇ 6-7 ਵਜੇ ਦੇ ਕਰੀਬ ਜ਼ਮੀਨ ਖਿਸਕਣ ਦੀਆਂ ਰਿਪੋਰਟਾਂ ਮਿਲੀਆਂ। ਐਸਡੀਆਰਐਫ, ਪੁਲਿਸ, ਅਸਾਮ ਰਾਈਫਲਜ਼, ਐਨਡੀਆਰਐਫ ਅਤੇ ਸਥਾਨਕ ਲੋਕਾਂ ਦੀਆਂ ਟੀਮਾਂ ਖੋਜ ਅਤੇ ਬਚਾਅ ਕਾਰਜਾਂ ਵਿੱਚ ਰੁੱਝੀਆਂ ਹੋਈਆਂ ਹਨ। ਹੁਣ ਤੱਕ, ਅਸੀਂ ਮਲਬੇ ਵਿੱਚੋਂ ਚਾਰ ਲਾਸ਼ਾਂ ਕੱਢੀਆਂ ਹਨ, ਜਿਨ੍ਹਾਂ ਵਿੱਚ ਤਿੰਨ ਔਰਤਾਂ ਅਤੇ ਇੱਕ ਆਦਮੀ ਸ਼ਾਮਲ ਹੈ। ਬਾਰਾਂ ਹੋਰ ਜ਼ਖਮੀ ਹੋਏ ਹਨ। ਕਈ ਥਾਵਾਂ 'ਤੇ ਖੋਜ ਅਤੇ ਬਚਾਅ

ਕਾਰਜ ਜਾਰੀ ਹਨ। ਮੁੱਖ ਮੰਤਰੀ ਨੇਫਿਯੂ ਰੀਓ ਨੇ ਵੀ ਇਸ ਦੁਖਾਂਤ 'ਤੇ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਰਾਜ ਸਰਕਾਰ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਉਨ੍ਹਾਂ ਲੋਕਾਂ ਪ੍ਰਤੀ ਮੇਰੀ ਡੂੰਘੀ ਸੰਵੇਦਨਾ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਰਾਜ ਸਰਕਾਰ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ, ਅਤੇ ਸਥਾਨਕ ਭਾਈਚਾਰੇ ਖੋਜ ਅਤੇ ਬਚਾਅ ਕਾਰਜਾਂ ਲਈ ਜ਼ਮੀਨ 'ਤੇ ਕੰਮ ਕਰ ਰਹੇ ਹਨ। ਮੁੱਖ ਮੰਤਰੀ ਨੇਫਿਯੂ ਰੀਓ ਨੇ ਹਰੇਕ ਮ੍ਰਿਤਕ ਦੇ ਪਰਿਵਾਰਾਂ ਨੂੰ ?4 ਲੱਖ ਅਤੇ ਹਰੇਕ ਜ਼ਖਮੀ ਵਿਅਕਤੀ ਨੂੰ ?74,000 ਦੀ ਤੁਰੰਤ ਐਕਸ ਗ੍ਰੇਸ਼ੀਆ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ, ਪ੍ਰਭਾਵਿਤ ਜ਼ਿਲ੍ਹਿਆਂ ਦੇ ਸਾਰੇ ਪ੍ਰਭਾਵਿਤ ਪਰਿਵਾਰਾਂ ਨੂੰ ਭੋਜਨ, ਅਸਥਾਈ ਆਸਰਾ, ਜ਼ਰੂਰੀ ਸਮਾਨ ਅਤੇ ਹੋਰ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਮਹਾਰਾਸ਼ਟਰ 'ਚ ਭਿਆਨਕ ਹਾਦਸਾ: ਤੇਜ਼ ਰਫ਼ਤਾਰ ਟਰੱਕ ਨੇ ਕਾਰ ਨੂੰ ਮਾਰੀ ਟੱਕਰ, 6 ਲੋਕਾਂ ਦੀ ਮੌਤ

ਵਰਧਾ 7 ਅਗਸਤ। ਮਹਾਰਾਸ਼ਟਰ ਦੇ ਵਰਧਾ ਜ਼ਿਲ੍ਹੇ ਵਿੱਚ ਉਸ ਸਮੇਂ ਹ੫ੜਾ-ਦਫ਼ੜੀ ਮਚ ਗਈ, ਜਦੋਂ ਸਮਰੁੱਧੀ ਐਕਸਪ੍ਰੈਸਵੇਅ 'ਤੇ ਸੋਮਵਾਰ ਸਵੇਰੇ

ਇਕ ਭਿਆਨਕ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਦੌਰਾਨ ਇਕ ਤੇਜ਼ ਰਫ਼ਤਾਰ ਟਰੱਕ ਨੇ ਕਾਰ ਨੂੰ ਪਿੱਛੋਂ ਦੀ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਕਾਰ ਸਵਾਰ 6 ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਸ ਨੇ ਦੱਸਿਆ ਇਹ ਹਾਦਸਾ ਸਵੇਰੇ 3 ਵਜੇ ਦੇ ਕਰੀਬ ਵਿਰੂਲ ਪਿੰਡ ਨੇੜੇ ਵਾਪਰਿਆ ਹੈ। ਇਸ ਦੌਰਾਨ ਈਥਾਨੌਲ ਲੈ ਕੇ ਜਾ ਰਿਹਾ ਇਕ ਕੰਟੇਨਰ ਟਰੱਕ ਐਕਸਪ੍ਰੈਸਵੇਅ 'ਤੇ ਪਲਟ ਗਿਆ, ਜਿਸ ਤੋਂ ਬਾਅਦ ਨਾਗਪੁਰ ਜਾਣ ਵਾਲੇ ਰਸਤੇ 'ਤੇ ਆਵਾਜਾਈ ਪੂਰੀ ਤਰ੍ਹਾਂ ਨਾਲ ਠੱਪ ਹੋ ਗਈ। ਇਸ ਤੋਂ ਬਾਅਦ ਉਸੇ ਥਾਂ 'ਤੇ ਇੱਕ ਟਰੱਕ ਨੇ ਕਾਰ ਨੂੰ ਪਿੱਛੇ ਤੋਂ ਆ ਕੇ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਦੌਰਾਨ ਦੋਵੇਂ ਵਾਹਨਾਂ ਨੂੰ ਅੱਗ ਲੱਗ ਗਈ। ਉਨ੍ਹਾਂ ਕਿਹਾ ਕਿ ਇਸ ਹਾਦਸੇ ਵਿੱਚ ਕਾਰ ਵਿੱਚ ਸਵਾਰ ਚਾਰ ਲੋਕਾਂ ਅਤੇ ਟਰੱਕ ਵਿੱਚ ਸਵਾਰ ਦੋ ਲੋਕਾਂ (ਡਰਾਈਵਰ ਸਮੇਤ) ਦੀ ਮੌਤ ਹੋ ਗਈ। ਇਸ ਤੋਂ ਬਾਅਦ ਹਾਈਵੇਅ ਸੇਫਟੀ ਪੈਟਰੋਲ, ਵਰਧਾ ਪੁਲਸ, ਫਾਇਰ ਬ੍ਰਿਗੇਡ ਅਤੇ ਮਹਾਰਾਸ਼ਟਰ ਰਾਜ ਸੜਕ ਵਿਕਾਸ ਨਿਗਮ ਦੀਆਂ ਟੀਮਾਂ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਅਤੇ ਆਵਾਜਾਈ ਨੂੰ ਬਹਾਲ ਕਰਨ ਲਈ ਮੌਕੇ 'ਤੇ ਪਹੁੰਚ ਗਈਆਂ। ਉਨ੍ਹਾਂ ਕਿਹਾ ਕਿ ਪਲਟਿਆ ਹੋਇਆ ਕੰਟੇਨਰ ਬਹੁਤ ਜ਼ਿਆਦਾ ਜਲਣਸ਼ੀਲ ਈਥਾਨੌਲ ਨਾਲ ਭਰਿਆ ਹੋਇਆ ਸੀ, ਇਸ ਲਈ ਇਸਨੂੰ ਸੁਰੱਖਿਅਤ ਢੰਗ ਨਾਲ ਹਟਾਉਣ ਤੋਂ ਪਹਿਲਾਂ ਇਸਨੂੰ ਖਾਲੀ ਕਰਨ ਦੀ ਲੋੜ ਸੀ। ਪੁਲਸ ਨੇ ਨਾਗਪੁਰ ਤੋਂ ਮੁੰਬਈ ਜਾਣ ਵਾਲੇ ਵਾਹਨ ਚਾਲਕਾਂ ਨੂੰ ਅਗਲੇ ਕੁਝ ਘੰਟਿਆਂ ਲਈ ਵਰਧਾ ਤੱਕ ਸਮਰੁੱਧੀ ਐਕਸਪ੍ਰੈਸਵੇਅ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਹੈ। ਪੁਲਸ ਦੇ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਸ਼ੈਲਰ ਮਾਲਕ ਤੇ ਹਮਲਾਵਰਾਂ ਵਿਚਾਲੇ ਹੋ ਗਿਆ ਮੁਕਾਬਲਾ, ਚੱਲੀਆਂ ਅੰਨ੍ਹੇਵਾਹ ਗੋਲੀਆਂ

ਕੌਮੀ ਪਤ੍ਰਿਕਾ

ਬਟਾਲਾ 7 ਅਗਸਤ। ਬਟਾਲਾ ਦੇ ਨਜ਼ਦੀਕ ਪਿੰਡ ਲੋਹ ਚੱਪ 'ਚ ਦਿਨ-ਦਿਹਾੜੇ ਫਾਇਰਿੰਗ ਦੀ ਵਾਰਦਾਤ ਸਾਹਮਣੇ ਆਈ ਹੈ। ਇੱਥੇ ਕੁਝ ਨੌਜਵਾਨਾਂ ਵੱਲੋਂ ਇੱਕ ਸ਼ੈਲਰ ਮਾਲਕ 'ਤੇ ਫਾਇਰਿੰਗ ਕੀਤੀ ਗਈ, ਜਿਸ ਤੋਂ ਬਾਅਦ ਸ਼ੈਲਰ ਮਾਲਕ ਵੱਲੋਂ ਵੀ ਆਪਣੇ ਬਚਾਅ ਲਈ ਜਵਾਬੀ ਫਾਇਰਿੰਗ ਕੀਤੀ ਗਈ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ। ਸ਼ੈਲਰ ਮਾਲਕ ਦਾ ਦੋਸ਼ ਹੈ ਕਿ ਪਹਿਲਾਂ ਵੀ ਪਿੰਡ ਦੇ ਹੀ ਇੱਕ ਨੌਜਵਾਨ ਵੱਲੋਂ ਉਸ ਤੋਂ ਫਿਰੌਤੀ ਦੀ ਧਮਕੀ ਦਿੱਤੀ ਗਈ ਸੀ। ਹੁਣ ਇਸੇ ਹਮਲੇ 'ਚ ਉਸਦੀ ਥਾਰ ਗੱਡੀ ਨੂੰ ਵੀ ਭੰਨ-ਤੋੜ ਦਿੱਤਾ ਗਿਆ ਹੈ। ਸ਼ੈਲਰ ਮਾਲਕ ਨਿਸ਼ਾਨ ਸਿੰਘ ਨੇ ਦੱਸਿਆ ਕਿ ਉਸਦਾ ਭਤੀਜਾ ਮਹਿਕਦੀਪ ਸਿੰਘ ਦਫ਼ਤਰ ਤੋਂ ਸ਼ੈਲਰ 'ਤੇ ਆ ਰਿਹਾ ਸੀ। ਰਸਤੇ 'ਚ ਉਸਦੇ ਪਿੱਛੇ ਇੱਕ ਗੱਡੀ ਲੱਗ ਗਈ। ਮਹਿਕਦੀਪ ਨੇ ਉਸਨੂੰ ਫ਼ੋਨ 'ਤੇ ਦੱਸਿਆ ਕਿ ਕੁਝ ਲੋਕ ਉਸਦਾ ਪਿੱਛਾ ਕਰ ਰਹੇ ਹਨ। ਜਿਵੇਂ ਹੀ ਉਹ ਸ਼ੈਲਰ 'ਤੇ ਪਹੁੰਚ ਕੇ ਗੱਡੀ ਰੋਕਦਾ ਹੈ, ਉੱਥੇ ਹੀ ਤਾਬੜਤੋੜ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ। ਗਨੀਮਤ ਰਹੀ ਕਿ ਇਸ ਹਮਲੇ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਮਲਾਵਰਾਂ ਨੇ ਸਾਡੀ ਥਾਰ ਗੱਡੀ ਪੂਰੀ ਤਰ੍ਹਾਂ ਭੰਨ ਦਿੱਤੀ ਅਤੇ ਬਿਲਡਿੰਗ 'ਤੇ ਵੀ ਗੋਲੀਆਂ ਮਾਰੀਆਂ। ਨਿਸ਼ਾਨ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਸਦੇ ਭਤੀਜੇ ਤੋਂ ਇੱਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਸੀ। ਫਿਰੌਤੀ ਨਾ ਦੇਣ 'ਤੇ ਹੀ ਇਹ ਹਮਲਾ ਕੀਤਾ ਗਿਆ ਹੈ। ਅਸੀਂ ਆਪਣੇ ਬਚਾਅ ਲਈ

ਜਵਾਬੀ ਫਾਇਰ ਕੀਤਾ। ਜੇਕਰ ਅਸੀਂ ਗੋਲੀ ਨਾ ਚਲਾਉਂਦੇ ਤਾਂ ਉਹ ਸ਼ੈਲਰ ਦੇ ਅੰਦਰ ਆ ਕੇ ਸਾਨੂੰ ਮਾਰ ਦਿੰਦੇ ।ਉਨ੍ਹਾਂ ਕਿਹਾ ਕਿ ਮੇਰਾ ਇੱਕ ਹੋਰ ਦਫ਼ਤਰ, ਇੱਕ ਸ਼ੈਲਰ ਅਤੇ ਆੜ੍ਹਤ ਵੀ ਹੈ। ਪਹਿਲਾਂ ਇਹ ਲੋਕ ਮੇਰੇ ਦਫ਼ਤਰ ਆਏ ਸਨ। ਜਦੋਂ ਉੱਥੇ ਮੈਂ ਨਹੀਂ ਮਿਲਿਆ ਤਾਂ ਇਹ ਮੇਰੇ ਪਿੱਛੇ ਗੱਡੀ ਲਾ ਕੇ ਸ਼ੈਲਰ 'ਤੇ ਆ ਗਏ ਅਤੇ ਮੈਨੂੰ ਗੋਲੀ ਮਾਰਨ ਦੀ ਕੋਸ਼ਿਸ਼ ਕੀਤੀ। ਉੱਧਰ ਮੌਕੇ 'ਤੇ ਪਹੁੰਚੇ ਪੁਲਸ ਜਾਂਚ ਅਧਿਕਾਰੀ ਸੁਖਰਾਜ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਸ਼ੈਲਰ 'ਤੇ ਗੋਲੀਬਾਰੀ ਹੋਈ ਹੈ। ਪਹਿਲਾਂ ਵੀ ਇਨ੍ਹਾਂ ਤੋਂ ਫਿਰੌਤੀ ਦੀ ਮੰਗ ਕੀਤੀ ਗਈ ਸੀ, ਜਿਸਦਾ ਮੁਕੱਦਮਾ ਪਹਿਲਾਂ ਹੀ ਦਰਜ ਹੈ। ਹੁਣ ਇਸ ਨਵੀਂ ਵਾਰਦਾਤ ਨੂੰ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਪੰਜਾਬ ਦੁਖਦ ਘਟਨਾ, ਨਹਿਰ 'ਚ ਨਹਾਉਂਦਿਆਂ ਲਾਪਤਾ ਹੋਇਆ ਮੁੰਡਾ

ਮੋਗਾ 7 ਅਗਸਤ। ਦਿਨੋਂ-ਦਿਨ ਵੱਧ ਰਹੀ ਗਰਮੀ ਕਾਰਨ ਨਹਿਰਾਂ ਵਿਚ ਨਹਾਉਣ ਜਾਣ ਵਾਲੇ ਨੌਜਵਾਨਾਂ ਨਾਲ ਵਾਪਰ ਰਹੀਆਂ ਘਟਨਾਵਾਂ ਵਿਚਕਾਰ ਇਕ ਹੋਰ ਚਿੰਤਾਜਨਕ ਮਾਮਲਾ ਸਾਹਮਣੇ ਆਇਆ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਕਲਾਂ ਦਾ 17 ਸਾਲਾ ਮੁੰਡਾ ਕਰਨਪ੍ਰੀਤ ਸਿੰਘ ਨਹਿਰ ਵਿਚ ਨਹਾਉਣ ਗਿਆ ਸੀ ਪਰ ਪਿਛਲੇ 24

ਕਾਰ ਨਹਿਰ 'ਚ ਡਿੱਗਣ ਕਾਰਨ ਦੋ ਚਚੇਰੇ ਭਰਾਵਾਂ ਦੀ ਮੌਤ

ਕੌਮੀ ਪੜ੍ਹਿਕਾ

ਮਾਛੀਵਾੜਾ ਸਾਹਿਬ/ਸਮਰਾਲਾ 7 ਅਗਸਤ। ਮਾਛੀਵਾੜਾ ਨੇੜੇ ਵਗਦੀ ਸਰਹਿੰਦ ਨਹਿਰ 'ਚ ਕਾਰ ਨਹਿਰ 'ਚ ਡਿੱਗਣ ਨਾਲ ਦੋ ਨੌਜਵਾਨ ਚਚੇਰੇ ਭਰਾਵਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਵਿਕਾਸਦੀਪ (19) ਤੇ ਆਕਾਸ਼ਦੀਪ (20) ਵਾਸੀ ਪਿੰਡ ਸਿੱਖਾਂਵਾਲਾ ਜ਼ਿਲ੍ਹਾ ਫ਼ਰੀਦਕੋਟ ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਰਿੰਪੀ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਅਤੇ ਭਤੀਜਾ ਦੋਵੇਂ ਚੰਡੀਗੜ੍ਹ ਤੋਂ ਵਾਪਸ ਫ਼ਰੀਦਕੋਟ ਵੱਲ ਇਨੋਵਾ ਕਾਰ 'ਚ ਸਵਾਰ ਹੋ ਕੇ ਆ ਰਹੇ ਸਨ। ਤੜਕੇ 4.30 ਵਜੇ ਦੇ ਕਰੀਬ ਉਸ ਦਾ ਪੁੱਤਰ ਮੋਬਾਈਲ 'ਤੇ ਗੱਲ ਕਰ ਰਿਹਾ ਸੀ ਤਾਂ ਪਿੱਛੋਂ ਦੂਜੇ ਲੜਕੇ ਦੀ ਆਵਾਜ਼ ਆਈ ਕਿ ਫੇਟ ਵੱਜ ਗਈ। ਪਿਤਾ ਨੇ ਦੱਸਿਆ ਕਿ ਉਸ ਤੋਂ ਬਾਅਦ ਦੋਵੇਂ ਮੁੰਡਿਆਂ ਦੇ ਫੋਨ ਬੰਦ ਹੋ ਗਏ। ਸਵੇਰੇ ਜਦੋਂ ਉਹ ਉਨ੍ਹਾਂ ਦੀ ਭਾਲ ਕਰਦੇ ਹੋਏ ਸਰਹਿੰਦ ਨਹਿਰ ਕਿਨਾਰੇ ਪੁੱਜੇ ਤਾਂ ਉੱਥੋਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਤੜਕੇ ਸਾਢੇ 4 ਵਜੇ ਦੇ ਕਰੀਬ ਇਕ ਇਨੋਵਾ ਕਾਰ ਸਰਹਿੰਦ ਨਹਿਰ 'ਚ ਡਿੱਗੀ ਹੈ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਗੋਤਾਖੋਰਾਂ ਨੂੰ ਬੁਲਾਇਆ ਗਿਆ। ਦੇਰ ਸ਼ਾਮ ਗੋਤਾਖੋਰਾਂ ਨੇ ਇਨੋਵਾ ਕਾਰ ਨੂੰ ਨਹਿਰ 'ਚੋਂ ਤਲਾਸ਼ ਲਿਆ ਤੇ ਫਿਰ ਪੁਲਸ ਵੱਲੋਂ ਹਾਈਡਰਾ ਮਸ਼ੀਨ ਮੰਗਵਾ ਕੇ ਕਾਰ ਬਾਹਰ ਕੱਢੀ ਗਈ, ਜਿਸ 'ਚ ਦੋਵੇਂ ਚਚੇਰੇ ਭਰਾਵਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ। ਨਹਿਰ 'ਚੋਂ ਜਦੋਂ ਕਾਰ ਬਾਹਰ ਕੱਢੀ ਗਈ ਤਾਂ ਅੰਦਰਲਾ ਦ੍ਰਿਸ਼ ਬੜਾ ਹੌਲਨਾਕ ਸੀ। ਦੋਵੇਂ ਚਚੇਰੇ ਭਰਾਵਾਂ 'ਤੇ ਸ਼ਰਾਬ ਦੀਆਂ ਪੇਟੀਆਂ ਆ ਡਿੱਗੀਆਂ ਅਤੇ ਉਨ੍ਹਾਂ ਨੂੰ ਹਾਦਸੇ ਤੋਂ ਬਾਅਦ ਬਾਹਰ ਨਿਕਲਣ ਦਾ ਮੌਕਾ ਹੀ ਨਹੀਂ ਮਿਲਿਆ। ਦੋਵਾਂ ਦੀਆਂ ਲਾਸ਼ਾਂ ਸ਼ਰਾਬ ਦੀਆਂ ਪੇਟੀਆਂ ਹੇਠ ਦਬੀਆਂ ਸਨ ਅਤੇ ਬੜੀ ਮੁਸ਼ੱਕਤ ਤੋਂ ਬਾਅਦ ਬਾਹਰ ਕੱਢੀਆਂ ਗਈਆਂ। ਕਾਰ ਬਾਹਰ ਕੱਢੀ ਤਾਂ ਉਸ 'ਚੋਂ ਸ਼ਰਾਬ ਦੀਆਂ ਬੋਤਲਾਂ ਡਿੱਗਣੀਆਂ ਸ਼ੁਰੂ ਹੋ ਗਈਆਂ। ਪਿਤਾ ਰਿੰਪੀ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਤੇ ਭਤੀਜਾ ਚੰਡੀਗੜ੍ਹ ਤੋਂ ਨਾਜਾਇਜ ਸ਼ਰਾਬ ਲਿਆ ਕੇ ਵੇਚਣ ਦਾ ਕੰਮ ਕਰਦੇ ਸਨ, ਜਿਸ ਸਬੰਧੀ ਉਨ੍ਹਾਂ ਨੂੰ ਕਈ ਵਾਰ ਰੋਕਿਆ ਵੀ ਗਿਆ। ਉਹ ਕਾਰ 'ਚ ਨਾਜਾਇਜ ਸ਼ਰਾਬ ਲੱਦ ਕੇ ਚੰਡੀਗੜ੍ਹ ਤੋਂ ਫ਼ਰੀਦਕੋਟ ਵੱਲ ਆ ਰਹੇ ਸਨ। ਉਨ੍ਹਾਂ ਕਿਹਾ ਕਿ ਜਾਣਕਾਰੀ ਮਿਲੀ ਹੈ ਕਿ ਉਨ੍ਹਾਂ ਦੀ ਨਾਜਾਇਜ਼ ਸ਼ਰਾਬ ਨਾਲ ਲੱਦੀ ਗੱਡੀ ਨੂੰ ਕਿਸੇ ਸ਼ਰਾਬ ਠੇਕੇਦਾਰ ਦੇ ਵਾਹਨ ਨੇ ਫੇਟ ਮਾਰੀ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਸਾਢੇ 4 ਵਜੇ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਤੇ ਭਤੀਜੇ ਦੇ ਫੋਨ ਬੰਦ ਹਨ ਅਤੇ ਜਾਣਕਾਰੀ ਅਨੁਸਾਰ ਫੇਟ ਵੱਜਣ ਕਾਰਨ ਗੱਡੀ ਨਹਿਰ 'ਚ ਡਿੱਗ ਪਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਮਰਾਲਾ ਦੇ ਮੁਖੀ ਹਰਵਿੰਦਰ ਸਿੰਘ, ਐੱਸ.ਟੀ.ਐੱਫ. ਟੀਮਾਂ ਮੌਕੇ 'ਤੇ ਪੁੱਜ ਗਈਆਂ। ਥਾਣਾ ਮੁਖੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਕਾਰ ਨਹਿਰ 'ਚ ਡਿੱਗ ਪਈ ਹੈ, ਜਿਸ ਤੋਂ ਬਾਅਦ ਪੁਲਸ ਵੱਲੋਂ ਕਾਰ ਨੂੰ ਬਾਹਰ ਕਢਵਾਇਆ ਗਿਆ ਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭਿਜਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਰ 'ਚ ਭਾਰੀ ਮਾਤਰਾ 'ਚ ਸ਼ਰਾਬ ਲੱਦੀ ਹੋਈ ਹੈ, ਜਿਸ ਦੀ ਜਾਂਚ ਜਾਰੀ ਹੈ। ਕਾਰ ਨਹਿਰ 'ਚ ਕਿਵੇਂ ਡਿੱਗੀ, ਇਸ ਦੀ ਵੀ ਜਾਂਚ ਕੀਤੀ ਜਾਵੇਗੀ। ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਸਫ਼ਾਈ ਸੇਵਕਾਂ ਦੇ ਪੰਜਾਬ ਬੰਦ ਦੇ ਸੱਦੇ ਤਹਿਤ ਮੁੱਲਾਂਪੁਰ ਸ਼ਹਿਰ ਮੁਕੰਮਲ ਬੰਦ

ਮੁੱਲਾਂਪੁਰ ਦਾਖਾ 7 ਅਗਸਤ। ਸਫ਼ਾਈ ਸੇਵਕਾਂ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ 'ਤੇ ਮੁੱਲਾਂਪੁਰ ਸ਼ਹਿਰ ਮੁਕੰਮਲ ਬੰਦ ਪਿਆ ਹੈ ਅਤੇ ਬਾਜ਼ਾਰਾਂ ਵਿਚ ਸੁੰਨ ਪਸਰੀ ਹੋਈ ਹੈ। ਹਾਲਾਂਕਿ ਮੈਡੀਕਲ ਹਾਲ ਸਿਹਤ ਸਹੂਲਤਾਂ ਕਾਰਨ ਖੁੱਲ੍ਹੇ ਹਨ। ਸੜਕੀ ਆਵਾਜਾਈ ਵੀ ਆਮ ਵਾਂਗ ਨਹੀਂ ਹੈ। ਇੱਥੇ ਦੱਸਣਯੋਗ ਹੈ ਕਿ ਬਰਨਾਲਾ ਵਿਖੇ ਆਪਣੀਆਂ ਮੰਗਾਂ ਦੇ ਸਬੰਧ ਵਿਚ ਪ੍ਰਦਰਸ਼ਨ ਕਰ ਰਹੇ ਸਫ਼ਾਈ ਸੇਵਕਾਂ ਤੇ ਪੁਲਸ ਪ੍ਰਸ਼ਾਸਨ ਵੱਲੋਂ ਢਾਹੇ ਤਸ਼ੱਦਦ ਦੇ ਰੋਸ ਅਤੇ ਆਪਣੀਆਂ ਹੱਕੀ ਮੰਗਾਂ ਸੂਬਾ ਸਰਕਾਰ ਵੱਲੋਂ ਨਾ ਮੰਨਣ ਦੇ ਰੋਸ ਵੱਜੋਂ ਦਿੱਤੇ ਪੰਜਾਬ ਬੰਦ ਸੱਦੇ ਤੇ ਅੱਜ ਬੰਦ ਨੂੰ ਪੂਰਨ ਹੁੰਗਾਰਾ ਮਿਲਿਆ। ਇਸੇ ਤਹਿਤ ਮੁਲਾਂਪੁਰ ਵਿਖੇ ਵੀ ਇਕ ਦਰਜਨ ਤੋਂ ਵੱਧ ਜਥੇਬੰਦੀਆਂ ਨੇ ਨਗਰ ਕੌਂਸਲ ਪਹੁੰਚ ਕੇ ਸਫਾਈ ਸੇਵਕਾਂ ਨਾਲ ਏਕਤਾ ਦਾ ਪ੍ਰਗਟਾਵਾ ਕਰਦਿਆਂ 7 ਅਗਸਤ ਦੇ ਬੰਦ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਇਸ ਵਿਚ ਸਮੂਲੀਅਤ ਕਰ ਰਹੀਆਂ ਕਿਸਾਨ ਜਥੇਬੰਦੀ, ਮਨਰੇਗਾ (ਸੀ ਟੂ), ਬਿਜਲੀ ਬੋਰਡ ਮੁੱਲਾਂਪੁਰ ਦਾਖਾ, ਜਸਦੇਵ ਸਿੰਘ ਲਲਤੋਂ ਜ਼ਿਲ੍ਹਾ ਸਕੱਤਰ ਦਸ਼ਮੇਸ਼ ਕਿਸਾਨ ਮਜਦੂਰ ਯੂਨੀਅਨ ਰਜਿ. ਜ਼ਿਲ੍ਹਾ ਲੁਧਿਆਣਾ ਅਤੇ ਕਾਮਰੇਡ ਕੇਵਲ ਸਿੰਘ ਮੁੱਲਾਂਪੁਰ ਮੀਤ ਪ੍ਰਧਾਨ ਮਨਰੇਗਾ ਮਜਦੂਰ ਯੂਨੀਅਨ ਪੰਜਾਬ ਆਦਿ ਸਮੂਹ ਦੁਕਾਨਦਾਰ ਵੀ ਸ਼ਾਮਲ ਸਨ।

ਪੈਸਿਆਂ ਦੇ ਲੈਣ-ਦੇਣ ਦੀ ਰੰਜਿਸ਼ 'ਚ ਵਿਅਕਤੀ ਦੀ ਕੁੱਟਮਾਰ

ਬਠਿੰਡਾ 7 ਅਗਸਤ। ਪਿੰਡ ਬਾਂਡੀ ਵਿਖੇ ਪੈਸਿਆਂ ਦੇ ਲੈਣ-ਦੇਣ ਦੀ ਰੰਜਿਸ਼ ਨੂੰ ਲੈ ਕੇ ਕੁੱਝ ਵਿਅਕਤੀਆਂ ਵੱਲੋਂ ਇਕ ਵਿਅਕਤੀ ਦੀ ਕੁੱਟਮਾਰ ਕਰ ਕੇ ਉਸ ਕੋਲੋਂ ਨਕਦੀ ਖੋਹ ਕੇ ਫ਼ਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸੰਗਤ ਪੁਲਸ ਨੇ ਨਾਮਜ਼ਦ ਅਤੇ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਸੰਗਤ ਦੇ ਹੌਲਦਾਰ ਫੈਜ਼ ਮੁਹੰਮਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਬਾਂਡੀ ਦੇ ਰਹਿਣ ਵਾਲੇ ਬਲਕਰਨ ਸਿੰਘ ਪੁੱਤਰ ਮੇਲਾ ਸਿੰਘ ਦੀ ਸ਼ਿਕਾਇਤ 'ਤੇ ਜਗਜੀਤ ਸਿੰਘ ਪੁੱਤਰ ਬਿੱਕਰ ਸਿੰਘ, ਪਵਿੱਤਰ ਸਿੰਘ ਪੁੱਤਰ ਜਗਜੀਤ ਸਿੰਘ, ਬੰਟੀ ਸਿੰਘ ਪੁੱਤਰ ਭੰਤਾ ਸਿੰਘ ਵਾਸੀ ਬਾਂਡੀ ਅਤੇ ਤਿੰਨ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ 25 ਜੁਲਾਈ ਨੂੰ ਉਕਤ ਵਿਅਕਤੀਆਂ ਨੇ ਪੈਸਿਆਂ ਦੇ ਲੈਣ-ਦੇਣ ਦੀ ਰੰਜਿਸ਼ ਕਾਰਨ ਉਸ ਨੂੰ ਰੋਕ ਕੇ ਉਸ ਨਾਲ ਕੁੱਟਮਾਰ ਕੀਤੀ। ਇਸ ਦੌਰਾਨ ਕਥਿਤ ਤੌਰ 'ਤੇ ਉਸ ਕੋਲੋਂ 1,500 ਰੁਪਏ ਦੀ ਨਕਦੀ ਖੋਹ ਲਈ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮਾਂ ਖ਼?ਲਾਫ਼ ਕੇਸ ਦਰਜ ਕਰ ਲਿਆ ਹੈ। ਥਾਣਾ ਸੰਗਤ ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਹਰ ਪੱਖ ਤੋਂ ਜਾਂਚ ਜਾਰੀ ਹੈ।

ਜਲੰਧਰ 'ਚ ਆਵਾਰਾ ਕੁੱਤਿਆਂ ਦਾ ਮਾਂ-ਪੁੱਤ 'ਤੇ ਹਮਲਾ

ਜਲੰਧਰ 7 ਅਗਸਤ। ਜਲੰਧਰ ਸ਼ਹਿਰ 'ਚ ਆਵਾਰਾ ਕੁੱਤਿਆਂ ਦਾ ਕਹਿਰ ਵਧਦਾ ਜਾ ਰਿਹਾ ਹੈ। ਇਕ ਮਾਂ-ਪੁੱਤਰ 'ਤੇ ਆਵਾਰਾ ਕੁੱਤਿਆਂ ਨੇ ਹਮਲਾ ਕਰ ਦਿੱਤਾ। ਜੀ. ਟੀ. ਬੀ. ਨਗਰ ਦੀ ਰਹਿਣ ਵਾਲੀ ਅਕਾਲਦੀਪ ਕੌਰ ਆਪਣੇ ਨਰਸਰੀ ਵਿਚ ਪੜ੍ਹਦੇ ਪੁੱਤਰ ਜਸਕੀਰਤ ਨੂੰ ਇਨੋਸੈਂਟ ਹਾਰਟ ਸਕੂਲ ਤੋਂ ਲੈਣ ਆਈ ਸੀ। ਜਦੋਂ ਉਹ ਆਪਣੀ ਸਕੂਟਰੀ 'ਤੇ ਘਰ ਵਾਪਸ ਆ ਰਹੀ ਸੀ ਤਾਂ ਨਿਊ ਕਮਲ ਵਿਹਾਰ ਵਿੱਚ ਅਚਾਨਕ ਆਵਾਰਾ ਕੁੱਤਿਆਂ ਦੇ ਇਕ ਝੁੰਡ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਸਕੂਟਰੀ ਤੋਂ ਡਿੱਗ ਪਏ ਅਤੇ ਦੋਵੇਂ ਗੰਭੀਰ ਜ਼ਖ਼ਮੀ ਹੋ ਗਏ। ਲਹੂ-ਲੁਹਾਨ ਹਾਲਤ 'ਚ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੇ ਸਿਰ 'ਚ ਗੰਭੀਰ ਸੱਟਾਂ ਲੱਗੀਆਂ। ਸਥਾਨਕ ਵਾਸੀ ਰੌਕੀ ਸਹਿਦੇਵ ਨੇ ਦੱਸਿਆ ਕਿ ਕਾਲੋਨੀ 'ਚ ਰੋਜ਼ਾਨਾ 30 ਤੋਂ ਵੱਧ ਆਵਾਰਾ ਕੁੱਤੇ ਰਾਹਗੀਰਾਂ 'ਤੇ ਹਮਲਾ ਕਰਦੇ ਹਨ। ਇਸ ਦੌਰਾਨ ਸਿਵਲ ਹਸਪਤਾਲ ਦੇ ਐਂਟੀ-ਰੈਬੀਜ਼ ਟੀਕੇ ਦੀ ਓ. ਪੀ. ਡੀ. 'ਚ ਰੋਜ਼ਾਨਾ 140 ਮਰੀਜ਼ ਆਉਂਦੇ ਹਨ, ਜਿਨ੍ਹਾਂ ਵਿੱਚੋਂ 25 ਤੋਂ 30 ਨਵੇਂ ਕੁੱਤੇ ਕੱਟਦੇ ਹਨ। ਆਮ ਆਦਮੀ ਕਲੀਨਿਕਾਂ 'ਚ ਵੀ ਰੋਜ਼ਾਨਾ ਐਂਟੀ-ਰੈਬੀਜ਼ ਟੀਕੇ ਲਗਾਏ ਜਾ ਰਹੇ ਹਨ। ਉਥੇ ਹੀ ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ ਨੇ ਦੱਸਿਆ ਕਿ ਡੌਗ ਪੌਂਡ 'ਤੇ ਨਵੀਂ ਨਹਿਰ ਦੇ ਨਿਰਮਾਣ ਦੀ ਰਫ਼ਤਾਰ ਬਹੁਤ ਹੌਲੀ ਹੈ। ਠੇਕੇਦਾਰ ਨੂੰ ਪਹਿਲਾਂ ਦੋ ਵਾਰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ ਪਰ ਇਸ ਦੇ ਬਾਵਜੂਦ ਕੰਮ ਵਿੱਚ ਕੋਈ ਸੁਧਾਰ ਨਹੀਂ ਹੋਇਆ। ਹੁਣ, ਨਿਗਮ ਨੇ ਠੇਕੇਦਾਰ ਨੂੰ ਬਲੈਕਲਿਸਟ ਕਰਨ ਲਈ ਨੋਟਿਸ ਜਾਰੀ ਕੀਤਾ ਹੈ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106

ਸਾਹਿਤਕ ਪੰਨਾ

ਕਾਵਿ ਕਿਆਰੀ

ਗੀਤ

ਹੁਣ ਤਾਂ ਮੇਰੇ ਮਨ ਦਾ ਪੰਛੀ ਨਵੀਂ ਉਡਾਣ ਭਰੇ।
ਐਸਾ ਗੀਤ ਲਿਖਾਂ ਜੋ ਮੈਨੂੰ- ਜੱਗ 'ਤੇ ਅਮਰ ਕਰੇ।
ਗੀਤ ਲਿਖਾਂ ਜੋ ਦੁਨੀਆਂ ਵਿੱਚੋਂ- ਕਰ ਦੇਣ ਦੂਰ ਹਨੇਰੇ।
ਇਸ਼ਕ ਮੁਸ਼ਕ ਦੀਆਂ ਕਰ ਕਰ ਗੱਲਾਂ- ਗੀਤ ਨੇ ਥੱਕੇ ਮੇਰੇ।
ਗੀਤਾਂ ਵਿੱਚ ਗੁਲਾਮੀ ਗਲ- ਹੁਣ ਨਾ ਰੂਹ ਜਰੇ।
ਐਸਾ ਗੀਤ ਲਿਖਾਂ...
ਨਾਜ਼ੁਕ ਨਰਮ ਸਰੀਰ ਦੀਆਂ ਹੁਣ- ਬਾਤਾਂ ਨਾ ਮਨ ਪਾਵੇ।
ਸੂਹੇ ਸੂਹੇ ਬੁੱਲ੍ਹਾਂ ਦੀ ਹੁਣ- ਗੱਲ ਕਰੀ ਨਾ ਜਾਵੇ।
ਬੇਮੁਖ ਹੋ ਲੋਕਾਂ ਤੋਂ ਕਿਹੜਾ- ਭੈੜੀ ਮੌਤ ਮਰੇ।
ਐਸਾ ਗੀਤ ਲਿਖਾਂ...
ਗੀਤ ਲਿਖਾਂ- ਜੋ ਬਣ ਜਾਵਣ ਛਵੀਆਂ ਤੇਜ਼ ਕਟਾਰਾਂ।
ਹਾਕਮ ਸਿਰ ਉੱਤੇ ਲਟਕਣ- ਬਣ ਤਿੱਖੀਆਂ ਤਲਵਾਰਾਂ।
ਗੀਤ ਮੇਰੇ ਹਰ ਇੱਕ ਸਤਰ- ਤਲੀ 'ਤੇ ਸੀਸ ਧਰੇ।
ਐਸਾ ਗੀਤ ਲਿਖਾਂ...
ਗੀਤ ਲਿਖਾਂ- ਜੋ ਹੋ ਜਾਵਣ- ਇਨਕਲਾਬ ਦੇ ਹਾਣੀ।
ਢਿੱਡੋਂ ਭੁੱਖੇ- ਪਿੰਡਿਉਂ ਨੰਗਿਆਂ- ਦੀ ਜੋ ਕਹਿਣ ਕਹਾਣੀ।
ਗੀਤ ਤੇਰੇ ਹੁਣ ਲੋਕਾਂ ਕੋਲੋਂ- ਰਹਿਣ ਨਾ ਦੇਵ ਪਰ੍ਹੇ।
ਐਸਾ ਗੀਤ ਲਿਖਾਂ...

ਹਰਦੇਵ ਦਿਲਗੀਰ
ਸੰਪਰਕ: 94639-88660

ਗ਼ਜ਼ਲ

ਜਿਸ ਦਾ ਜੋ ਵੀ ਅਸਲਾ ਹੁੰਦਾ,
ਓਹੀ ਆਖ਼ਰਕਾਰ ਬਣੇ।
ਖਾਰ ਕਦੇ ਵੀ ਫੁੱਲ ਨਹੀਂ ਬਣਦੇ,
ਤੇ ਨਾ ਹੀ ਫੁੱਲ ਖਾਰ ਬਣੇ।
ਲੱਕੜ ਵੀ ਜੇ ਧਰਮ ਨਾ ਪਾਲੇ,
ਤਾਂ ਉਹ ਮਿੱਤਰਮਾਰ ਬਣੇ।
ਬੇੜੀ ਜੇ ਲੋਹੇ ਦੀ ਬਣਦੀ,
ਲੱਕੜ ਤਾਂ ਪਤਵਾਰ ਬਣੇ।
ਮੇਰੀ ਤਲੀ 'ਤੇ ਇੱਕ ਫੁੱਲ ਧਰਕੇ,
ਤੁਸੀਂ ਜੋ ਬਖਸ਼ਿਸ਼ ਕੀਤੀ ਸੀ,
ਸੁੱਤਿਆਂ, ਜਾਗਦਿਆਂ ਉਹ ਮੇਰੇ,
ਤਲੀ 'ਤੇ ਨਿੱਤ ਅੰਗਿਆਰ ਬਣੇ।
ਕਿਹੜਾ ਰਾਹ ਨੇੜੇ ਤੋਂ ਨੇੜੇ,
ਤੇਰੇ (ਰੱਬ ਦੇ) ਘਰ ਨੂੰ ਜਾਂਦਾ ਏ,
ਐਨੀ ਹੀ ਗੱਲ ਦੱਸਦੇ ਦੱਸਦੇ,
ਜੱਗ ਦੇ ਸਭ ਅਵਤਾਰ ਬਣੇ।
ਦੁੱਖਾਂ ਦੇ ਪਰਬਤ ਵੀ ਢੋਏ,
ਗਰਦਨ ਮੁਚੀ ਨਹੀਂ ਸਾਡੀ,
ਦੱਸਿਓ, ਓਦਣ ਕਿਉਂ ਮੁਚ ਜਾਵੇ
ਜਦੋਂ ਚਾਨਣੀ ਭਾਰ ਬਣੇ।
ਕਿਸ਼ਤੀ ਦਾ ਇੱਕ ਵਾਅਦਾ ਹੁੰਦਾ
ਸਭ ਨੂੰ ਕੰਢੇ ਲਾਵਣ ਦਾ,
ਕੀ ਕਰੀਏ ਜੇ ਕੰਢਾ, ਖ਼ੁਦ ਹੀ,
ਭੱਜ ਭੱਜ ਕੇ ਮੰਝਧਾਰ ਬਣੇ।
ਵਸਤੂ ਵਾਂਗੂੰ ਵਿਕਣਾ ਸਾਡੇ,
ਖਾਸੇ ਦੇ ਵਿੱਚ ਲਿਖਿਆ ਨਾ,
ਵਸਤੂ ਵਾਂਗੂੰ ਜੋ ਵਿਕ ਜਾਂਦੇ,
ਕਦੋਂ ਕਿਸੇ ਦੇ ਯਾਰ ਬਣੇ।
ਮਨ ਦੀ ਢਾਰਸ, ਕਲਾ ਕਲਮ ਦੀ,
ਤੱਕ ਲੈ ਕਿੱਥੇ ਜਾ ਪਹੁੰਚੇ,
ਕੰਸ ਦਿਆਂ ਹੱਥਾਂ ਵਿੱਚ ਅੱਜ ਕੱਲ੍ਹ,
ਓਹੀ ਨੇ ਹਥਿਆਰ ਬਣੇ।
ਦਿਨ ਮਨਸੂਰ ਬਣਨ ਦੇ ਤੇਰੇ,
ਲੱਦ ਗਏ ਸੁਖਮਿੰਦਰ ਸਿਆਂ,
ਯਾਦ ਰਹੇ ਕਿ ਸ਼ਿਬਲੀ ਵਰਗਾ,
ਕੋਈ ਨਾ ਤੇਰਾ ਯਾਰ ਬਣੇ।

- ਸੁਖਮਿੰਦਰ ਰਾਮਪੁਰੀ
ਸੰਪਰਕ: 88727-01924

ਗ਼ਜ਼ਲ

ਹਰਿਕ ਥਾਂ 'ਤੇ ਇੱਕੋ ਕਹਾਣੀ ਮਿਲੇਗੀ।
ਤੇਰੇ ਸ਼ਹਿਰ ਵਿੱਚ ਵੰਡ ਕਾਣੀ ਮਿਲੇਗੀ।
ਬੁਝਾਰਤ ਜੇ ਪਾਉ ਕਹੂ ਭੁੱਖਾ ਰੋਟੀ,
ਕਹਾਵਤ ਇਹ ਸਦੀਆਂ ਪੁਰਾਣੀ ਮਿਲੇਗੀ।
ਹਰਿਕ ਦਿਲ ਮਿਲੇਗਾ ਪਰਾਇਆ ਪਰਾਇਆ,
ਹਰਿਕ ਸ਼ਕਲ ਜਾਣੀ ਪਛਾਣੀ ਮਿਲੇਗੀ।
ਮਿਲਣਗੇ ਲਿਖਾਰੀ ਬਹੁਤ ਸੁਲਝੇ ਹੋਏ,
ਮਗਰ ਸਭ ਦੀ ਉਲਝੀ ਕਹਾਣੀ ਮਿਲੇਗੀ।
ਹਰਿਕ ਚੜ੍ਹਦੇ ਸੂਹੇ ਸਵੇਰੇ ਦੇ ਪਿੱਛੇ,
ਹਨੇਰੇ ਦੀ ਲੰਮੀ ਕਹਾਣੀ ਮਿਲੇਗੀ।
ਕਿਸੇ ਕੂਚੇ ਵਿੱਚ ਆਪ ਜਾਉ 'ਵਿਯੋਗੀ',
ਉਸੇ ਕੂਚੇ ਦੀ ਖ਼ਾਕ ਛਾਣੀ ਮਿਲੇਗੀ।

- ਜਗਸੀਰ ਵਿਯੋਗੀ
ਸੰਪਰਕ: 98721-12272

ਗ਼ਜ਼ਲ

ਖ਼ੁਸ਼ਬੂ ਦੇ ਵਿਹੜੇ ਵਿੱਚ ਪੈੜਾਂ ਪਾਉਣ ਦਿਓ।
ਕਲੀਆਂ ਨੂੰ ਫੁੱਲਾਂ ਦੇ ਰੂਪ 'ਚ ਆਉਣ ਦਿਓ।
ਇਹ ਵੀ ਹਰਿਆਵਲ ਦੀ ਛਹਿਬਰ ਲਾ ਦੇਣਗੇ,
ਸੁੱਕੇ ਰੁੱਖਾਂ ਨੂੰ ਇੱਕ ਵਰ੍ਹਦਾ ਸਾਉਣ ਦਿਓ।
ਰਹਿੰਦੀ ਦੁਨੀਆਂ ਤਕ ਹਵਾ ਵਿੱਚ ਗੂੰਜਣਗੇ,
ਕਲਮ ਮੇਰੀ ਜੋ ਚਾਹੁੰਦੀ, ਨਗ਼ਮੇ ਗਾਉਣ ਦਿਓ।
ਅਸਮਾਨਾਂ ਤਕ ਉੱਡਣਾ ਸਿੱਖ ਲਊ ਖ਼ੁਦ ਪੰਛੀ,
ਵਿੱਚ ਹਵਾ ਦੇ ਇੱਕ ਉਡਾਰੀ ਲਾਉਣ ਦਿਓ।
ਬਦਲੇ ਵਿੱਚ ਧੜਕਾਉਣਗੀਆਂ ਇਹ ਲੱਖਾਂ ਦਿਲ,
ਪਾਣੀ ਨੂੰ ਨਦੀਆਂ ਦਾ ਦਿਲ ਧੜਕਾਉਣ ਦਿਓ।
ਦਿਲ ਚਾਹੁੰਦਾ ਹੈ ਉਸ ਦੀ ਸੰਗਤ ਬੈਠਣ ਨੂੰ,
ਬੂਹਾ ਯਾਦਾਂ ਦਾ ਮੈਨੂੰ ਖੜਕਾਉਣ ਦਿਓ।
ਹੋ ਜਾਵੇਗਾ ਇਕਦਮ ਹੌਲਾ ਫੁੱਲ ਅੱਬਾਸ,
ਦਿਲ ਵਿੱਚ ਡੱਕਿਆ ਪਿਆਰ ਉਸਨੂੰ ਜਤਲਾਉਣ ਦਿਓ।

- ਰਸ਼ੀਦ ਅੱਬਾਸ

ਮਮਤਾ ਅਤੇ ਕਫ਼ਨ

ਮੂਲ ਲੇਖਕ: ਰਿਚਰਡ ਰਾਈਟ
ਪੰਜਾਬੀ ਰੂਪ: ਪ੍ਰੋ: ਬਲਦੀਪ

ਉਹ ਅੱਧ-ਮੀਟੀਆਂ ਅੱਖਾਂ ਨਾਲ ਦੇਖਦੀ ਜਾ ਰਹੀ ਸੀ ਅਤੇ ਉਸਨੇ ਆਪਣੇ ਬੁੱਲ੍ਹ ਕਸਕੇ ਘੁੱਟੇ ਹੋਏ ਸਨ। ਉਸ ਦੀਆਂ ਉਂਗਲਾਂ ਆਪਣੀ ਚਾਦਰ ਹੇਠ ਛੁਪਾਏ ਭਾਰੀ ਪਿਸਤੌਲ ਨੂੰ ਮਹਿਸੂਸ ਕਰ ਰਹੀਆਂ ਸਨ। ਬਾਰਿਸ਼ ਨਾਲ ਉਹ ਕਾਫ਼ੀ ਭਿੱਜ ਗਈ ਸੀ। ਚੱਲਦੇ-ਚੱਲਦੇ ਉਹ ਇੱਕ ਮੋੜ 'ਤੇ ਪਹੁੰਚੀ ਤਾਂ ਸਾਹਮਣੇ ਜਗਦੀਆਂ ਹੋਈਆਂ ਬੱਤੀਆਂ ਦਿਖਾਈ ਦਿੱਤੀਆਂ। ਨੇੜਿਉਂ ਹੀ ਕੁਝ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। "ਕੌਣ ਹੈ" ? ਉਹ ਰੁਕ ਗਈ ਤੇ ਕੰਬਦੀਆਂ ਹੋਈਆਂ ਉਂਗਲਾਂ ਨਾਲ ਚਾਦਰ ਨੂੰ ਹੋਰ ਘੁੱਟ ਕੇ ਫ਼ੜ੍ਹ ਲਿਆ। ਦੋ ਗੋਰੇ ਉਸਦੇ ਨੇੜੇ ਆਏ। ਉਨ੍ਹਾਂ ਨੇ ਉਸ ਵੱਲ ਬੰਦੂਕਾਂ ਤਾਣੀਆਂ ਹੋਈਆਂ ਸਨ। "ਤੂੰ ਇਥੇ ਕੀ ਕਰ ਰਹੀਂ ਏਂ ?" " ਮੈਂ ਆਪਣੇ ਬੇਟੇ ਨੂੰ ਮਿਲਣ ਆਈ ਹਾਂ।" "ਤੇਰਾ ਬੇਟਾ ਕੀ ਕਰਦਾ ਏ ?" " ਉਸਨੂੰ ਸ਼ੈਰਿਫ਼ ਨੇ ਫ਼ੜ੍ਹਿਆ ਹੋਇਆ ਹੈ।" " ਅੱਛਾ, ਤਾਂ ਤੂੰ ਉਸ ਨੀਗਰੋ ਦੀ ਮਾਂ ਹੈਂ; ਤੈਨੂੰ ਹੁਣ ਆਪਣੇ ਬੇਟੇ ਦੀ ਲਾਸ਼ ਚਾਹੀਦੀ ਹੈ ?" "ਹਾਂ"। "ਉਹ ਹਾਲੇ ਮਰਿਆ ਨਹੀਂ। ਹਾਂ, ਉਸਨੇ ਭੇਤ ਖੋਲ੍ਹ ਦਿੱਤਾ ਤਾਂ ਮਰਨੋ ਬਚ ਜਾਏਗਾ।" "ਪਰ ਉਹ ਦੱਸੇਗਾ ਨਹੀਂ।" "ਸਾਡੇ ਕੋਲ ਬੜੇ ਤਰੀਕੇ ਹਨ ਮੂੰਹ ਖੁੱਲ੍ਹਵਾਉਣ ਦੇ" "ਪਰ ਤੁਸੀਂ ਉਸਦੀ ਜ਼ੁਬਾਨ ਨਹੀਂ ਖੁਲ੍ਹਵਾ ਸਕਦੇ ?" " ਸੁਣ ਨੀਗਰੋ ਬੁੱਢੀਏ, ਜ਼ਰਾ ਅਕਲ ਤੋਂ ਕੰਮ ਲੈ। ਨੀਗਰੋ ਲੋਕ ਕਦੇ ਇਨਕਲਾਬ ਨਹੀਂ ਲਿਆ ਸਕਦੇ। ਤੂੰ ਹਾਲੇ ਵੀ ਆਪਣੇ ਬੇਟੇ ਨੂੰ ਸਮਝਾ ਲੈ।" "ਮੈਨੂੰ ਸ਼ੈਰਿਫ਼ ਕੋਲ ਲੈ ਚਲੋ।" "ਤੂੰ ਉਸਦੀ ਮਾਂ ਹੈਂ, ਆਪਣੇ ਬੇਟੇ ਨੂੰ ਸਮਝਾ ਕਿ ਜੇ ਉਸਨੇ ਜ਼ਿੰਦਾ ਰਹਿਣਾ ਹੈ ਤਾਂ ਆਪਣੇ ਸਾਥੀਆਂ ਦੇ ਨਾਂ ਦੱਸ ਦੇਵੇ।" "ਨਹੀਂ, ਉਹ ਨਹੀਂ ਦੱਸੇਗਾ।" ਉਨ੍ਹਾਂ ਨੇ ਉਸ ਨੂੰ ਬਾਂਹ ਤੋਂ ਫ਼ੜ੍ਹਿਆ ਤੇ ਜੰਗਲ ਵਿੱਚ ਜੁੜੀ ਹੋਈ ਲੋਕਾਂ ਦੀ ਭੀੜ ਵੱਲ ਧੂਹ ਕੇ ਲੈ ਗਏ। ਉਸਦੀ ਸੋਚ ਬੜੀ ਸਾਫ਼ ਤੇ ਸੁਲਝੀ ਹੋਈ ਸੀ। 'ਬੁੱਕਰ ਨਹੀਂ ਦੱਸੇਗਾ' ਉਸਨੇ ਮਨ ਵਿੱਚ ਹੀ ਕਿਹਾ, 'ਜੇ ਉਸਨੇ ਜ਼ੁਬਾਨ ਖੋਲ੍ਹੀ ਤਾਂ ਮੈਂ....." ਜਿਵੇਂ ਜਿਵੇਂ ਲੋਕਾਂ ਦੀਆਂ ਆਵਾਜ਼ਾਂ ਉੱਚੀਆਂ ਹੁੰਦੀਆਂ ਗਈਆਂ ਉਹ ਆਪਣੀ ਗ਼ਲਤੀ ਨੂੰ ਸੁਧਾਰਨ ਬਾਰੇ ਸੋਚਦੀ ਰਹੀ, 'ਮੈਂ ਬੁੱਕਰ ਨੂੰ ਇਹ ਭੇਤ ਕਿਉਂ ਦੱਸਿਆ ? ਖ਼ੈਰ, ਮੈਂ ਹੁਣ ਬੁੱਕਰ ਦੇ ਆਉਣ ਤਕ ਚੁੱਪ ਰਹਾਂਗੀ, ਬੱਸ ਇੱਕ ਵਾਰੀ ਆਪਣੇ ਬੇਟੇ ਜਾਨੀ ਬਾਏ ਕੋਲ ਪਹੁੰਚ ਜਾਵਾਂ।' ਫ਼ਲੈਸ਼ ਰੌਸ਼ਨੀ ਵਿੱਚ ਪੈ ਰਹੀ ਬਾਰਿਸ਼ ਦੀਆਂ ਬੂੰਦਾਂ ਚਮਕ ਰਹੀਆਂ ਸਨ। ਉਥੇ ਖੜ੍ਹੇ ਲੋਕ ਇੱਕ ਪਾਸੇ ਵਲ ਹੋਏ ਤਾਂ ਉਸਨੇ ਆਪਣੇ ਬੇਟੇ ਜਾਨੀ ਬਾਏ ਨੂੰ ਚਿੱਕੜ ਵਿੱਚ ਲੇਟਿਆਂ ਦੇਖਿਆ। ਉਸਨੂੰ ਇੱਕ ਰੱਸੇ ਨਾਲ ਬੰਨ੍ਹਿਆ ਹੋਇਆ ਸੀ। ਉਸਦਾ ਚਿਹਰਾ ਗੰਦੇ ਪਾਣੀ ਨਾਲ ਭਰੇ ਹੋਏ ਟੋਏ ਵਿੱਚ ਪਿਆ ਹੋਇਆ ਸੀ। ਉਸਨੇ ਆਪਣੀ ਮਾਂ ਵੱਲ ਦੇਖਿਆ ਤਾਂ ਉਸਦੀਆਂ ਅੱਖਾਂ ਵਿੱਚ ਇੱਕ ਸਵਾਲ ਉਭਰਨ ਲੱਗਿਆ। "ਇਹਦੇ ਨਾਲ ਗੱਲ ਕਰ", ਸ਼ੈਰਿਫ਼ ਨੇ ਉੱਚੀ ਅਵਾਜ਼ ਵਿੱਚ ਕਿਹਾ। 'ਕਾਸ਼! ਮੈਂ ਉਸਨੂੰ ਦੱਸ ਸਕਦੀ ਹੋਵਾਂ ਕਿ ਮੈਂ ਇਥੇ ਕਿਉਂ ਆਈ ਹਾਂ ?' ਉਸ ਨੇ ਸੋਚਿਆ। 'ਬੋਲ, ਨੀਗਰੋ ਦੇ ਬੱਚੇ।' ਸ਼ੈਰਿਫ਼ ਨੇ ਜਾਨੀ ਬਾਏ ਦੇ ਠੁੱਡਾ ਮਾਰਦਿਆਂ ਕਿਹਾ, 'ਇਹ ਖੜ੍ਹੀ ਏ ਤੇਰੀ ਮਾਂ'। ਜਾਨੀ ਬਾਏ ਨਾ ਕੁਝ ਬੋਲਿਆ ਤੇ ਨਾ ਹੀ ਹਿੱਲਿਆ। ਸ਼ੈਰਿਫ਼ ਉਸਦੀ ਮਾਂ ਵੱਲ ਮੁੜਿਆ, "ਇਸਨੂੰ ਹਾਲੇ ਵੀ ਸਮਝਾ ਕੁਝ। ਆਖਰ ਇਹ ਆਪਣੇ ਕਾਲੇ ਤੇ ਗੋਰੇ ਸਾਥੀਆਂ ਨੂੰ ਕਿਉਂ ਬਚਾ ਰਿਹਾ ਹੈ। ਬੱਸ ਉਨ੍ਹਾਂ ਦੇ ਨਾਂਅ ਦਸ ਦੇਵੇ ਤੇ ਆਪਣੀ ਜਾਨ ਬਚਾ ਲਵੇ। ਸਮਝਾ ਏਸ ਨੂੰ, ਇਸਦੇ ਕੋਲ ਜਾਹ।' ਉਹ ਆਪਣੀ ਥਾਂ ਤੋਂ ਨਹੀਂ ਹਿੱਲੀ। ਉਸਦਾ ਦਿਲ ਚੀਖ ਚੀਖ ਕੇ ਆਪਣੇ ਬੇਟੇ ਦੀਆਂ ਅੱਖਾਂ ਵਿੱਚ ਉਠਦੇ ਸਵਾਲ ਦਾ ਜਵਾਬ ਦੇਣਾ ਚਾਹੁੰਦਾ ਸੀ। ਪਰ ਉਹ ਚੁੱਪ ਰਹੀ। 'ਤੂੰ ਨਹੀਂ ਬੋਲੇਂਗੀ ਤਾਂ ਅਸੀਂ ਇਸਨੂੰ ਬੁਲਾਵਾਂਗੇ।' ਸ਼ੈਰਿਫ਼ ਨੇ ਦੂਜੇ ਪਾਸੇ ਮੂੰਹ ਮੋੜ ਕੇ ਕਿਹਾ, 'ਟਿੰਮ, ਉਥੋਂ ਲੱਕੜ ਦੀ ਇੱਕ ਮੋਟੀ ਬੱਲੀ ਲਿਆਓ ਤੇ ਇਸ ਨੂੰ ਨੀਗਰੋ ਦੀਆਂ ਟੰਗਾਂ ਉਤੇ ਰੱਖੋ।" ਫ਼ੇਰ ਇੱਕ ਦਰਦਨਾਕ ਚੀਕ ਸੁਣਾਈ ਦਿੱਤੀ। ਲੰਬੇ ਆਦਮੀ ਨੇ ਜਾਨੀ ਬਾਏ ਦੀਆਂ ਦੋਹੇ ਟੰਗਾਂ ਉਪਰ ਚੁੱਕੀਆਂ ਤੇ ਇੱਕ ਦਮ ਛੱਡ ਦਿੱਤੀਆਂ। ਟੰਗਾਂ ਬੇਜਾਨ ਹੋ ਕੇ ਹੇਠਾਂ ਡਿੱਗ ਪਈਆਂ। ਜਾਨੀ ਬਾਏ ਦਾ ਸਿਰ ਇੱਕ ਪਾਸੇ ਲੁੜਕ ਗਿਆ ਸੀ, ਜਿਸਨੂੰ ਮਾਂ ਦੇਖ ਨਹੀਂ ਸਕਦੀ ਸੀ। ਅਚਾਨਕ ਜਾਨੀ ਬਾਏ ਦਾ ਚਿਹਰਾ ਉਹਦੇ ਵੱਲ ਘੁੰਮਿਆ ਤੇ ਉਹ ਚੀਖ ਕੇ ਬੋਲਿਆ, 'ਇਥੋਂ ਚਲੀ ਜਾਹ, ਮਾਂ! ਚਲੀ ਜਾਹ।' ਮਾਂ ਪਾਗਲਾਂ ਵਾਂਗ ਬੇਟੇ ਵਲ ਦੌੜੀ ਪਰ ਸ਼ੈਰਿਫ਼ ਨੇ ਉਸ ਨੂੰ ਬਾਂਹ ਤੋਂ ਫ਼ੜ੍ਹ ਕੇ ਰੋਕ ਲਿਆ। ਫ਼ਿਰ ਉਸ ਨੇ ਜਾਨੀ ਬਾਏ ਨੂੰ ਕਿਹਾ "ਜੇ ਤੂੰ ਕੁਝ ਦੱਸ ਦੇਵੇਂ ਤਾਂ ਅਸੀਂ ਤੇਰੀ ਮਾਂ ਨੂੰ ਛੱਡ ਦੇਵਾਂਗੇ, ਨਹੀਂ ਇਸ ਨੂੰ ਵੀ .....।" "ਮੇਰਾ ਬੇਟਾ ਨਹੀਂ ਦੱਸੇਗਾ", ਉਹ ਉੱਚੀ ਸੁਰ ਵਿੱਚ ਬੋਲੀ। "ਚਲੀ ਜਾਹ! ਮਾਂ।" "ਇਸਨੂੰ ਬੇਸ਼ਕ ਗੋਲੀ ਮਾਰ ਦਿਓ... ਪਰ ਇਸ ਤਰ੍ਹਾਂ ਤਸੀਹੇ ਨਾ ਦਿਉ", ਉਸਨੇ ਸ਼ੈਰਿਫ਼ ਨੂੰ ਕਿਹਾ। "ਇਹ ਸਭ ਕੁਝ ਦੱਸੇਗਾ ਨਹੀਂ ਤਾਂ ਤੇਰੀ ਆਵਾਜ਼ ਮੁੜ ਕਦੇ ਨਹੀਂ ਸੁਣ ਸਕੇਗਾ। ਅਸੀਂ ਇਸਦੇ ਕੰਨ ਭੰਨ ਸੁੱਟਾਂਗੇ।" ਮਾਂ ਨੇ ਅੱਖਾਂ ਬੰਦ ਕਰ ਲਈਆਂ ਤੇ ਕੁਝ ਪਲਾਂ ਬਾਅਦ ਜਦੋਂ ਅੱਖਾਂ ਖੋਲ੍ਹੀਆਂ ਤਾਂ ਉਸਨੇ ਦੇਖਿਆ ਕਿ ਸ਼ੈਰਿਫ਼ ਉਸਦੇ ਬੇਟੇ ਉੱਤੇ ਝੁਕਿਆ ਖੜ੍ਹਾ ਹੈ। ਫ਼ੇਰ ਉਸਨੇ ਜਾਨੀ ਬਾਏ ਦੇ ਕੰਨ ਉੱਤੇ ਆਪਣੀ ਹਥੇਲੀ ਰੱਖੀ ਅਤੇ ਉਸ ਉੱਤੇ ਪੂਰੇ ਜ਼ੋਰ ਨਾਲ ਦੂਜੇ ਹੱਥ ਦਾ ਮੁੱਕਾ ਮਾਰਿਆ। ਫ਼ੇਰ ਉਸਨੇ ਦੂਜੇ ਕੰਨ ਉੱਤੇ ਹਥੇਲੀ ਰੱਖ ਕੇ ਇੱਕ ਹੋਰ ਮੁੱਕਾ ਮਾਰਿਆ। ਜਾਨੀ ਬਾਏ ਦਰਦ ਨਾਲ ਕਰਾਹੁਣ ਲੱਗਿਆ। ਉਸਦਾ ਸਿਰ ਇਧਰ-ਉਧਰ ਲੁੜਕ ਰਿਹਾ ਸੀ, ਉਸ ਦੀਆਂ ਅੱਖਾਂ ਜਿਵੇਂ ਪਥਰਾਅ ਗਈਆਂ ਹੋਣ। "ਸ਼ੈਰਿਫ਼, ਤੁਹਾਨੂੰ ਕੋਈ ਮਿਲਣਾ ਚਾਹੁੰਦਾ ਹੈ" "ਉਸਨੂੰ ਅੰਦਰ ਲੈ ਆਓ"। ਮਾਂ ਨੇ ਸੁਣਿਆ ਤਾਂ ਉਹ ਆਪਣੇ ਆਪ ਵਿੱਚ ਜਿਵੇਂ ਸਿਮਟ ਕੇ ਰਹਿ ਗਈ। 'ਕੀ ਇਹ ਬੁੱਕਰ ਹੈ ?' ਉਸ ਨੇ ਸੋਚਿਆ। ਭੀੜ ਵਿੱਚੋਂ ਰਸਤਾ ਬਣਾਉਂਦਾ ਹੋਇਆ ਬੁੱਕਰ ਸ਼ੈਰਿਫ਼ ਕੋਲ ਆਇਆ ਤੇ ਕਹਿਣ ਲੱਗਾ, "ਮੈਂ ਉਨ੍ਹਾਂ ਸਾਰਿਆਂ ਨੂੰ ਜਾਣਦਾ ਹਾਂ, ਸ਼ੈਰਿਫ਼!" ਉਸੇ ਵਕਤ ਉਸਦੀ ਨਜ਼ਰ ਜਾਨੀ ਬਾਏ ਉੱਤੇ ਪਈ। "ਤਾਂ, ਕੀ ਤੁਹਾਨੂੰ ਪਤਾ ਲੱਗਾ ਗਿਆ ਹੈ ?" ਉਸਨੇ ਸ਼ੈਰਿਫ਼ ਵੱਲ ਦੇਖ ਕੇ ਪੁੱਛਿਆ। ਠੀਕ ਉਸੇ ਵੇਲੇ ਉਹ ਅੱਗੇ ਵਧੀ, ਉਸਨੇ ਆਪਣੀ ਚਾਦਰ ਉਪਰ ਚੁੱਕੀ ਤੇ ਗੋਲੀ ਚਲਾ ਦਿੱਤੀ- ਇੱਕ ਵਾਰ ਦੋ ਵਾਰ। ਫ਼ੇਰ ਉਹ ਪਿੱਛੇ ਮੁੜੀ ਤੇ ਜਾਨੀ ਬਾਏ ਵੱਲ ਪਿਸਤੌਲ ਤਾਣ ਦਿੱਤੀ। ਪਰ ਲੋਕਾਂ ਨੇ ਤੁਰੰਤ ਉਸ ਨੂੰ ਫ਼ੜ੍ਹ ਲਿਆ। ਜਦੋਂ ਉਸ ਨੇ ਬੁੱਕਰ ਨੂੰ ਚਿੱਕੜ ਵਿੱਚ ਡਿੱਗੇ ਪਏ ਨੂੰ ਦੇਖਿਆ ਤਾਂ ਉਸਦੀ ਬੇਚੈਨੀ ਖਤਮ ਹੋ ਗਈ। ਹੁਣ ਉਹ ਪੂਰੀ ਤਰ੍ਹਾਂ ਸ਼ਾਂਤ ਸੀ ਤੇ ਚਿੱਕੜ ਵਿੱਚ ਪਈ ਹੋਈ, ਆਪਣੇ ਉੱਤੇ ਬਾਰਿਸ਼ ਦੀਆਂ ਡਿੱਗ ਰਹੀਆਂ ਬਾਰਸ਼ ਦੀਆਂ ਬੂੰਦਾਂ ਵਿੱਚੋਂ ਗੋਰੇ ਚਿਹਰਿਆਂ ਨੂੰ ਦੇਖ ਰਹੀ ਸੀ। "ਇਸਨੇ ਬੁੱਕਰ ਨੂੰ ਮਾਰ ਦਿੱਤਾ ਹੈ।" "ਭਲਾ ਇਸਨੇ ਕਿਉਂ ਮਾਰਿਆ ਉਸਨੂੰ ?" "ਮਾਰ ਸੁੱਟੋ ਇਹਨੂੰ ਵੀ"। ਇਸ ਤੋਂ ਪਹਿਲਾਂ ਕਿ ਉਹ ਉਸਦੀ ਜਾਨ ਲੈ ਲੈਣ, ਉਹ ਖੁਦ ਆਪਣੀ ਜਾਨ ਲੈ ਲੈਣਾ ਚਾਹੁੰਦੀ ਸੀ। ਜੋ ਉਸ ਨੇ ਚਾਹਿਆ ਸੀ ਉਹ ਪੂਰਾ ਹੋ ਚੁੱਕਿਆ ਸੀ। ਬੱਸ, ਕਿਤੇ ਜਾਨੀ ਬਾਏ.....! ਉਸਨੇ ਆਪਣੇ ਬੇਟੇ ਵਲ ਦੇਖਿਆ। ਉਹ ਉਸਦੀਆਂ ਉਦਾਸ ਅੱਖਾਂ ਵਲ ਦੇਖ ਰਿਹਾ ਸੀ। ਕਾਸ਼ ਮੈਂ ਜਾਨੀ ਬਾਏ ਨੂੰ ਦੱਸ ਸਕਦੀ, ਉਸਨੇ ਸੋਚਿਆ। ਤੂੰ ਬੁੱਕਰ ਨੂੰ ਕਿਉਂ ਮਾਰ ਦਿੱਤਾ ? ਸ਼ੈਰਿਫ਼ ਨੇ ਪੁੱਛਿਆ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਉਸੇ ਵੇਲੇ ਉਸਨੇ ਆਪਣੀ ਪਿੱਠ ਉਤੇ ਪਏ ਸ਼ੈਰਿਫ਼ ਦੇ ਬੂਟ ਦੇ ਠੁੱਡੇ ਨੂੰ ਮਹਿਸੂਸ ਕੀਤਾ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। 'ਕਾਲੀ ਕੁੱਤੀਏ'! "ਇਹਨੂੰ ਵੀ ਪਾਰ ਬੁਲਾ ਦਿਉ।" ਉਸਨੂੰ ਆਪਣੀ ਗਿੱਲੀ ਤੇ ਠੰਡੀ ਪਿੱਠ ਉਤੇ ਵਗ ਰਿਹਾ ਗਰਮ ਖ਼ੂਨ ਮਹਿਸੂਸ ਹੋਇਆ। ਅਚਾਨਕ ਉਸਦੇ ਮੂੰਹੋਂ ਨਿਕਲਿਆ, "ਤੁਸੀਂ ਜਿਹੜੇ ਨਾਂ ਜਾਣਨਾ ਚਾਹੁੰਦੇ ਸੀ.... ਉਹ ਨਹੀਂ ਜਾਣ ਸਕੇ ਤੇ ਹੁਣ ਉਨ੍ਹਾਂ ਦਾ ਤੁਹਾਨੂੰ ਕਦੇ ਪਤਾ ਵੀ ਨਹੀਂ ਲੱਗੇਗਾ।" ਉਸਨੇ ਆਪਣੀਆਂ ਧੁੱਲ੍ਹੀਆਂ ਹੋਈਆਂ ਧੁੰਦਲੀਆਂ ਅੱਖਾਂ ਵਿੱਚ ਬਾਰਿਸ਼ ਦੀ ਫ਼ੁਹਾਰ ਮਹਿਸੂਸ ਕੀਤੀ। ਉਸਨੂੰ ਕੋਈ ਮੱਧਮ ਜਿਹੇ ਬੋਲ ਸੁਣ ਰਹੇ ਸਨ। ਉਸਦੇ ਬੁੱਲ੍ਹ ਹਿੱਲ ਰਹੇ ਸਨ, ਪਰ ਉਨ੍ਹਾਂ ਵਿੱਚ ਆਵਾਜ਼ ਕੋਈ ਨਹੀਂ ਸੀ। ਉਹ ਹੁਣ ਪੂਰੀ ਤਰ੍ਹਾਂ ਸ਼ਾਂਤ ਸੀ ਅਤੇ ਉਸਨੂੰ ਕਿਸੇ ਤਰ੍

ਸਾਡਾ ਸਮਾਜ

ਜ਼ਿੰਦਗੀ ਤੇ ਖੇੜਾ

ਯਸ਼ਪਾਲ ਮਾਨਵੀ

ਸ਼ਾਇਦ ਹੀ ਕੋਈ ਮਨੁੱਖ ਹੋਵੇ ਜਿਹੜਾ ਕਦੇ ਨਾ ਖਿਝਿਆ ਹੋਵੇ। ਜਦੋਂ ਕਿਸੇ ਵੀ ਕਾਰਨ ਮਨ ਵਿੱਚ ਖਿਝ ਆ ਜਾਵੇ ਤਾਂ ਮਨ ਬੁੱਝ ਜਾਂਦਾ ਹੈ। ਬਿਲਕੁਲ ਉਵੇਂ ਜਿਵੇਂ ਫੁੱਲ ਮੁਰਝਾਇਆ ਹੋਵੇ। ਜ਼ਿੰਦਗੀ ਦਾ ਸੁਆਦ ਫਿੱਕਾ ਪੈ ਜਾਂਦਾ ਹੈ। ਮੇਰਾ ਇੱਕ ਮਿੱਤਰ ਡਾਕਟਰ ਸੀ। ਉਸ ਨੇ ਆਪਣੇ ਇੱਕ ਸਹਾਇਕ ਦੀ ਗੱਲ ਦੱਸੀ ਜਿਹੜਾ ਹਰ ਵੇਲੇ ਖਿਝਿਆ ਜਿਹਾ ਰਹਿੰਦਾ ਸੀ। ਉਨ੍ਹਾਂ ਦੱਸਿਆ, 'ਮੈਂ ਕਿਹਾ-ਕੋਈ ਗੱਲ ਹੈ ਤਾਂ ਦੱਸ ਐਵੇਂ ਖਿਝਿਆ ਜਿਹਾ ਨਾ ਰਿਹਾ ਕਰ। ਖਿੜਿਆ ਖਿੜਿਆ ਰਿਹਾ ਕਰ। ਗੱਲ ਕਾਹਦੀ ਸੀ ਜ਼ਿੰਦਗੀ ਦਾ ਫਲਸਫਾ ਲਕੋਈ ਬੈਠਾ ਸੀ।' ਇਹ ਮਨੁੱਖ ਦੇ ਸੁਭਾਅ ਦਾ ਮਸਲਾ ਹੈ। ਕਹਿੰਦੇ ਹਨ ਭਾਅ ਬਦਲ ਜਾਂਦੇ ਹਨ, ਸੁਭਾਅ ਨਹੀਂ ਬਦਲਦੇ। ਨਿਰਸੰਦੇਹ ਸੁਭਾਅ 'ਤੇ ਬਹੁਤ ਕੁਝ ਨਿਰਭਰ ਹੁੰਦਾ ਹੈ। ਕਈ ਤਾਂ ਬੁਝੇ ਹੀ ਰਹਿੰਦੇ ਹਨ, ਪਰ ਕਈ ਖੇੜੇ ਵਿੱਚ ਰਹਿੰਦੇ ਹਨ। ਹਾਲਾਂਕਿ ਹਾਲਤ ਦਾ ਫਰਕ ਨਹੀਂ ਹੁੰਦਾ। ਉਰਦੂ ਦਾ ਸ਼ੇਅਰ ਹੈ:

ਹਜ਼ੂਮੇ ਗਮ ਮੇਰੀ ਫ਼ਿਤਰਤ ਨਹੀਂ ਬਦਲ ਸਕਤੇ
ਮੇਰੀ ਆਦਤ ਹੈ ਮੁਸਕਰਾਨੇ ਕੀ।

ਪਰ ਤਾਂ ਵੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਖਿੜੇ ਰਹਿਣ ਦਾ ਢੰਗ ਸਿੱਖਣਾ ਹੀ ਪਵੇਗਾ। ਭਾਈ ਵੀਰ ਸਿੰਘ ਨੇ 'ਖੇੜਾ' ਨਾਂ ਦੀ ਕਵਿਤਾ ਵਿੱਚ ਬਹੁਤ ਖ਼ੂਬਸੂਰਤ ਸ਼ਬਦ ਮੜ੍ਹੇ ਹਨ:

ਸੁਰਤ ਸਦਾ ਖਿੜਦੀ ਰਹੇ
ਕਦੇ ਨਾ ਮਿਲੇ ਗੜਾਇ
ਖੇੜਾ ਛੱਡ ਕੇ ਢੱਠਿਆ
ਕਿਤੇ ਨਾ ਮਿਲੇ ਟਿਕਾਇ।
ਯਸ਼ਪਾਲ ਮਾਨਵੀ
ਯਸ਼ਪਾਲ ਮਾਨਵੀ

ਖਿਝੇ ਮਨੁੱਖ ਕੋਲ ਕੋਈ ਨਹੀਂ ਬੈਠਣਾ ਚਾਹੁੰਦਾ। ਇਹ ਵੀ ਤਾਂ ਛੂਤ ਦੇ ਰੋਗ ਵਾਂਗ ਆਪਣਾ ਅਸਰ ਛੱਡਦੀ ਹੈ। ਜ਼ਿੰਦਗੀ ਵਿੱਚ ਬਹੁਤਾ ਸਾਵਧਾਨ ਰਹਿਣਾ ਵੀ ਚੰਗਾ ਨਹੀਂ ਹੁੰਦਾ। ਬੇਫ਼ਿਕਰ ਹੋਣਾ ਲੋੜੀਂਦਾ ਹੈ, ਬੇਪਰਵਾਹੀ ਨਹੀਂ ਚੱਲੇਗੀ। ਬਹੁਤੀ ਸਾਵਧਾਨੀ ਵਿੱਚ ਰਾਹਤ ਦੇ ਪਲ਼ ਨਸੀਬ ਨਹੀਂ ਹੋ ਸਕਦੇ। ਗਿਲ਼ੇ ਸ਼ਿਕਵੇ ਮਨੁੱਖ ਦੀ ਤਾਕਤ ਨੂੰ ਖਾ ਜਾਂਦੇ ਹਨ। ਲੰਘੇ ਵਕਤ ਦੇ ਪਛਤਾਵੇ ਤੇ ਪ੍ਰਛਾਵੇਂ ਮਨੁੱਖ ਨੂੰ ਭੂਤ ਬਣ ਚਿੰਬੜਨ ਦੀ ਕੋਸ਼ਿਸ਼ ਵਿੱਚ ਹੁੰਦੇ ਹਨ। ਲੋੜ ਹੈ ਇਨ੍ਹਾਂ ਪਿਛਾਂਹ ਖਿੱਚੂ ਤਾਕਤਾਂ ਤੋਂ ਮਨ ਨੂੰ ਆਜ਼ਾਦ ਕਰਾਉਣ ਦੀ। ਜ਼ਿੰਦਗੀ ਵਿੱਚ ਖੇੜਾ ਇੱਕ ਸੁਰ ਕੀਤੇ ਬਿਨਾਂ ਨਹੀਂ ਆ ਸਕਦਾ। ਇੱਕਸੁਰਤਾ ਹੀ ਸੰਗੀਤ ਪੈਦਾ ਕਰਦੀ ਹੈ, ਨਹੀਂ ਤਾਂ ਰੌਲਾ ਹੀ ਹੁੰਦਾ ਹੈ। ਪ੍ਰੇਸ਼ਾਨ ਕਰਨ ਵਾਲਾ ਸ਼ੋਰ ਹੁੰਦਾ ਹੈ।

ਖੇੜੇ ਲਈ ਮਨੁੱਖ ਨੂੰ ਇਹ ਧਰਮ ਨਿਭਾਉਣਾ ਪਵੇਗਾ ਕਿ ਉਹ ਮਨ ਅੰਦਰ ਆਪਣੇ ਭਾਂਬੜ ਐਵੇਂ ਨਾ ਬਾਲੀ ਰੱਖੇ ਕਿਸੇ ਨੇੜਲੇ ਸਾਥੀ ਜਾਂ ਮਿੱਤਰ ਪਿਆਰੇ ਨਾਲ ਸਾਂਝੀ ਕਰ ਕੇ ਉਸ ਨੂੰ ਬੁਝਾਵੇ। ਪੰਜਾਬੀ ਵਿੱਚ ਕਹਾਵਤ ਹੈ ਕਿ ਜੋ ਕੋਈ ਨੇੜੇ ਨਹੀਂ ਹੈ ਤਾਂ ਕੰਧ ਨਾਲ ਵੀ ਗੱਲ ਸਾਂਝੀ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਮਨ ਦਾ ਭਾਰ ਹਲਕਾ ਹੋ ਜਾਂਦਾ ਹੈ ਤੇ ਮੱਥੇ ਤੋਂ ਤਿਓੜੀਆਂ ਲਹਿ ਜਾਂਦੀਆਂ ਹਨ। ਖੇੜੇ ਨੂੰ ਜ਼ਿੰਦਗੀ ਵਿੱਚ ਭਰਨਾ ਕਿੰਨਾ ਜ਼ਰੂਰੀ ਹੈ ਇਹ ਰੁੱਖ ਨਾਲ ਸਮਝਦੇ ਹਾਂ। ਜਿੰਨਾ ਚਿਰ ਰੁੱਖ ਹਰਾ ਭਰਾ ਤੇ ਫ਼ਲਦਾਰ ਰਹਿੰਦਾ ਹੈ ਉਸ ਦਾ ਪਾਲਣ ਪੋਸ਼ਣ ਹੁੰਦਾ ਹੈ। ਪਰ ਜਦੋਂ ਤਾਂ ਭਾਈ ਵੀਰ ਸਿੰਘ ਜੀ ਇਉਂ ਕਹਿੰਦੇ ਹਨ:

ਛੱਡਿਆ ਜਦ ਖਿੜਨਾ ਅਸਾਂ
ਰੰਗ ਰੂਪ ਰਸ ਨਾਲ।
ਤਦੋਂ ਕੁਹਾੜਾ ਆ ਗਿਆ
ਫਿਰਿਆ ਸ਼ਾਖੋ ਸ਼ਾਖ
ਜੜ੍ਹ ਮੂਲੋਂ ਵੱਢ ਸੁੱਟਿਆ
ਢੇਰੀ ਕੀਤਾ ਖ਼ਾਕ।

ਇਸ ਲਈ ਦੁਬਾਰਾ ਜ਼ਿੰਦਗੀ ਦੀ ਪਾਰੀ ਨਹੀਂ ਮਿਲਣੀ। ਖਿੜੋ ਰਹੋ ਤੇ ਖੇੜੇ ਵੰਡਦੇ ਰਹੋ। 94635-86655

ਆਪਣੇ ਲਈ ਵੀ ਕੁਝ ਪਲ ਕੱਢੋ ਨੌਕਰੀਪੇਸ਼ਾ ਦੰਪਤੀ

➢ ਜੋਗਿੰਦਰ ਸਿੰਘ (ਪ੍ਰਿੰਸੀਪਲ)



ਵਿਆਹੁਤਾ ਜੀਵਨ ਸਮਾਜ ਦੀ ਆਧਾਰਸ਼ਿਲਾ ਹੈ। ਪੜ੍ਹੇ-ਲਿਖੇ ਸੂਝਵਾਨ, ਸੁੱਘੜ-ਸਿਆਣੇ ਦੰਪਤੀ ਪਾਸੋਂ ਹੀ ਆਦਰਸ਼ ਪਰਿਵਾਰ ਅਤੇ ਸਦਾਚਾਰੀ ਸਮਾਜ ਦੀ ਆਸ ਕੀਤੀ ਜਾ ਸਕਦੀ ਹੈ। ਅਜੋਕੇ ਬਹੁਤੇ ਪਰਿਵਾਰਾਂ ਦੀ ਜੀਵਨ ਤੋਰ ਨੌਕਰੀਪੇਸ਼ਾ ਜੋੜਿਆਂ 'ਤੇ ਆਧਾਰਿਤ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜਿੱਥੇ ਪਤੀ ਪਤਨੀ ਦੋਵੇਂ ਦੈਨਿਕ ਜੀਵਨ 'ਚ, ਕੰਮਕਾਰ ਜਾਂ ਕਾਰ-ਵਿਹਾਰ 'ਚ ਰੁੱਝੇ ਹੁੰਦੇ ਹਨ, ਉਨ੍ਹਾਂ ਨੂੰ ਘਰ ਦਾ ਵਾਤਾਵਰਨ ਜਾਂ ਮਾਹੌਲ ਸੁਖਾਵਾਂ, ਨਿੱਘਾ, ਤਣਾਓ-ਰਹਿਤ ਅਤੇ ਪਿਆਰ ਭਰਿਆ ਬਣਾ ਕੇ ਰੱਖਣ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪਿਆਰ ਦੀ ਗੰਢ ਦਿਨ ਪ੍ਰਤੀ ਦਿਨ ਪੀਚਵੀਂ ਹੁੰਦੀ ਜਾਏ।

ਸੱਚਾ-ਸੁੱਚਾ ਪਿਆਰ ਸ਼ਾਂਤੀ ਨਾਲ ਧੜਕਣ ਵਾਲੇ ਦਿਲਾਂ ਦਾ ਸਾਜ਼ ਹੈ। ਮਧੁਰਤਾ ਇੱਕ ਮਿੱਠਾ ਮੇਵਾ ਹੈ। ਸਾਂਝ ਇੱਕ ਪੀਚਵੀਂ ਗੰਢ ਹੈ। ਆਦਰ ਇੱਕ ਪਵਿੱਤਰ ਧਾਰਨਾ ਹੈ। ਇੱਕ ਦੂਜੇ ਦੇ ਦਿਲਾਂ 'ਚ ਪ੍ਰਭਾਵੀ ਵਿਚਾਰਾਂ ਨਾਲ ਉੱਤਰਨਾ ਮਾਨਵੀਂ ਕਦਰਾਂ ਕੀਮਤਾਂ ਦੀ ਪਛਾਣ ਹੈ। ਇਨ੍ਹਾਂ ਆਦਰਸ਼ਕ ਗੁਣਾਂ ਦਾ ਦੰਪਤੀ 'ਚ ਬਣੇ ਰਹਿਣਾ ਬੜਾ ਜ਼ਰੂਰੀ ਹੈ। ਇਹ ਸੁਭਾਵਿਕ ਵੀ ਹੈ ਅਤੇ ਕਾਫ਼ੀ ਹੱਦ ਤਕ ਠੀਕ ਵੀ ਹੈ ਕਿ ਬਹੁਤੀ ਵਾਰੀ ਦੰਪਤੀ ਲਈ ਇੱਕ ਦੂਜੇ ਲਈ ਸਮਾਂ ਕੱਢਣਾ ਕੋਈ ਸੌਖਾ ਕੰਮ ਨਹੀਂ। ਪਰ ਇੱਕ ਦੂਜੇ ਦੀਆਂ ਜ਼ਰੂਰੀ ਲੋੜਾਂ ਅਤੇ ਮਜਬੂਰੀਆਂ ਨੂੰ ਸਮਝਣਾ ਅਤੇ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਠੀਕ ਹੈ ਕਿ ਵਿਹਲ ਦੇ ਪਲਾਂ ਦੀ ਮਿੱਠੀ ਸਾਂਝ, ਪਿਆਰ-ਭਰੀ ਤੱਕਣੀ, ਨੈਣਾਂ 'ਚ ਆਈ ਖ਼ੁਮਾਰੀ ਅਤੇ ਦੋ ਪਿਆਰ 'ਚ ਭਿੱਜੇ ਉਪਮਾ-ਰੂਪੀ ਬੋਲ ਨਾ ਕੇਵਲ ਅੰਤਰੀਵ ਭਾਵਾਂ ਦੀ ਤਰਜਮਾਨੀ ਕਰਦੇ ਹਨ, ਸਗੋਂ ਕਈ ਵਾਰੀ ਜੀਵਨ ਭਰ ਦਾ ਸਹਾਰਾ ਵੀ ਬਣ ਜਾਂਦੇ ਹਨ।

ਜੇ ਪਤੀ ਪਤਨੀ ਦੋਵੇਂ ਹੀ ਰੁਝੇਵੇਂ ਦੀ ਮਾਰ ਥੱਲੇ ਹੋਣ ਅਤੇ ਉਨ੍ਹਾਂ ਕੋਲ ਇੱਕ ਦੂਜੇ ਨਾਲ ਗੱਲਬਾਤ ਕਰਨ ਦਾ, ਦਿਲ ਦੀ ਹਵਾੜ-ਕੱਢਣ ਦਾ, ਦੁੱਖ-ਦਰਦ ਵੰਡਣ ਦਾ ਅਤੇ ਇੱਕ ਦੂਜੇ ਦੀ ਪੀੜ ਚੁੱਗਣ ਦਾ ਸਮਾਂ ਨਾ ਹੋਵੇ ਤਾਂ ਅਜਿਹੀ ਅਵਸਥਾ ਸਮੇਂ ਗੱਲਬਾਤ 'ਚ ਖੱਪਾ ਪੈ ਜਾਂਦਾ ਹੈ। ਦੂਰੀਆਂ, ਮਜਬੂਰੀਆਂ ਅਤੇ ਲਾਚਾਰੀਆਂ ਵੱਧਦੀਆਂ ਜਾਂਦੀਆਂ ਹਨ। ਕਈ ਤਰ੍ਹਾਂ ਦੇ ਸ਼ੰਕੇ ਅਤੇ ਸਵਾਲ ਪੈਦਾ ਹੋ ਜਾਂਦੇ ਹਨ। ਤਰਕ-ਵਿਤਰਕ ਦੀ ਸਥਿਤੀ ਬਣ ਜਾਂਦੀ ਹੈ। ਅਜਿਹੀ ਦਸ਼ਾ 'ਚ, ਜੀਵਨ ਜਾਚ 'ਚ ਕੁਝ ਤਬਦੀਲੀਆਂ ਜ਼ਰੂਰੀ ਹਨ। ਪਿਆਰ ਦੇ ਰਿਸ਼ਤੇ ਨੂੰ ਤਣਾਓ-ਰਹਿਤ ਬਣਾਉਣ ਲਈ ਨੇੜਤਾ, ਸਾਂਝ ਅਤੇ ਦਾਨਸ਼ਮੰਦੀ ਦੀ ਵਧੇਰੇ ਲੋੜ ਹੈ।

ਦੰਪਤੀ ਜੀਵਨ 'ਚ ਮਧੁਰਤਾ, ਮਿਠਾਸ, ਨਿਮਰਤਾ ਅਤੇ ਸਹਿਣਸ਼ੀਲਤਾ ਦਾ ਬਣੇ ਰਹਿਣਾ, ਇਸ ਪੱਖੋਂ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਦੰਪਤੀ 'ਚ ਸੁਹਿਰਦ ਗੱਲਬਾਤ ਦੀ ਸਥਿਤੀ ਬਣੀ ਰਹੇ। ਇੱਕ ਦੂਜੇ ਲਈ ਸਮਾਂ ਨਾ ਕੱਢਣਾ ਦੋਹਾਂ ਦੇ ਜੀਵਨ ਲਈ ਕਈ ਵਾਰ ਘਾਤਕ ਸਿੱਧ ਹੁੰਦਾ ਹੈ। ਅਜਿਹੀ ਦਸ਼ਾ 'ਚ ਜੀਵਨ ਦੋਹਾਂ ਲਈ ਰੁੱਖਾ, ਨੀਰਸ, ਬੋਝਲ ਅਤੇ ਵਿਅਰਥ ਸਮਝੋ। ਇੱਕ ਦੂਜੇ ਨੂੰ ਸਮਾਂ ਦਿੱਤੇ ਬਿਨਾਂ ਨਾ ਨੇੜਤਾ, ਨਾ ਅਪਣੱਤ, ਨਾ ਦੁੱਖ- ਸੁੱਖ ਦੀ ਸਾਂਝ ਅਤੇ ਨਾ ਹੀ ਇੱਕ ਦੂਜੇ ਲਈ ਹਿਰਖ ਹੁੰਦਾ ਹੈ। ਅਜਿਹੀ ਅਵਸਥਾ 'ਚ ਦੋਵੇਂ ਮਿੱਟੀ ਦੇ ਮਾਧੋ ਪਿਆਰ ਵਿਹੂਣੇ ਜਾਂ ਫਿਰ ਪੱਥਰ ਦੀਆਂ ਮੂਰਤੀਆਂ ਹੁੰਦੇ ਹਨ।

ਨੌਕਰੀ ਪੇਸ਼ਾ ਜੋੜੇ ਨੂੰ ਜੀਵਨ ਸ਼ੈਲੀ 'ਚ ਕੁਝ ਪਰਿਵਰਤਨ ਕਰਨੇ ਜ਼ਰੂਰੀ ਹਨ। ਅਜਿਹੇ ਪਤੀ-ਪਤਨੀ ਲਈ ਜ਼ਰੂਰੀ ਹੈ ਕਿ ਉਹ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਦਫ਼ਤਰ ਦੀਆਂ ਜ਼ਿੰਮੇਵਾਰੀਆਂ ਤੋਂ ਅਲੱਗ ਰੱਖਣ। ਦਫ਼ਤਰ ਦਾ ਕੰਮ ਘਰ ਨਾ ਲਿਆਂਦਾ ਜਾਏ ਤਾਂ ਜੋ ਉਹ ਸਮਾਂ ਨਿੱਜੀ ਜੀਵਨ ਵੱਲ ਦੇ ਕੇ ਹਾਣੀ ਦਾ ਦੁੱਖ-ਦਰਦ ਵੰਡਾ ਕੇ, ਉਸ ਸਮੇਂ ਦਾ ਸਦਉਪਯੋਗ ਕੀਤਾ ਜਾ ਸਕੇ। ਘਰ 'ਚ ਸ਼ਾਦੀਸ਼ੁਦਾ ਜੀਵਨ ਨੂੰ ਪਹਿਲ ਦੇਣੀ, ਦੰਪਤੀ ਦਾ ਸਭ ਤੋਂ ਪਹਿਲਾ ਫ਼ਰਜ਼ ਹੈ। ਪਤੀ-ਪਤਨੀ ਨਿਸ਼ਚਿਤ ਕਰਨ ਕਿ ਉਹ ਘਰ 'ਚ ਸਾਂਝਾ ਲੋੜੀਂਦਾ ਸਮਾਂ ਜ਼ਰੂਰ ਇਕੱਠੇ ਬਿਤਾਉਣਗੇ। ਇੱਕ ਦੂਜੇ ਦੀਆਂ ਲੋੜਾਂ ਸਮਝਣਗੇ ਅਤੇ ਆਪਣੇ ਦਿਲਾਂ ਦੀਆਂ ਧੜਕਣਾਂ ਨੂੰ ਇਕਸੁਰ ਕਰਨਗੇ। ਕੁਝ ਕਹਿਣਗੇ, ਕੁਝ ਸੁਣਨਗੇ, ਕੁਝ ਸਮਝਣਗੇ, ਕੁਝ ਸਮਝਾਉਣਗੇ ਅਤੇ ਪਿਆਰ ਦੀ ਪੀਚਵੀਂ ਗੰਢ ਪਾਉਣਗੇ। ਅਜਿਹੇ ਬਿਤਾਏ ਇਕੱਠੇ ਪਲ਼ ਦੰਪਤੀ ਰਿਸ਼ਤੇ ਦੀ ਥੰਮ੍ਹੀ ਨੂੰ ਕਦੇ ਡੋਲਣ ਨਹੀਂ ਦਿੰਦੇ। ਹਾਂ, ਸ਼ੱਕ, ਸੰਦੇਹ ਅਤੇ ਵੈਰ-ਵਿਰੋਧ ਦੀ ਭਾਵਨਾ ਕਾਰਨ ਦੰਪਤੀ ਜੀਵਨ ਦੀ ਪਿਆਰ ਦੀ ਥੰਮ੍ਹੀ ਨੂੰ ਸਦਾ ਕਾਂਬਾ ਛਿੜਿਆ ਰਹਿੰਦਾ ਹੈ। ਦੰਪਤੀ ਲਈ ਜੀਵਨ ਦਾ ਰਾਜ਼ ਵੀ ਇਹ ਹੈ ਜੀਵਨ ਦਾ ਸਾਜ਼ ਵੀ ਇਹ ਕਿ ਉਹ ਇੱਕ ਦੂਜੇ ਨੂੰ ਪਿਆਰ ਦੀ ਚਾਸ਼ਨੀ ਚਟਾਈ ਜਾਣ। ਜੀਵਨ 'ਚ ਪੱਤਝੜ ਇਕੱਠੇ ਮਿਲ ਕੇ ਕੱਟਣ ਵਾਲਿਆਂ ਦੇ ਸਵਾਗਤ ਲਈ ਬਹਾਰ ਬਾਹਾਂ ਪਸਾਰੀ ਰੱਖਦੀ ਹੈ।

ਗੱਲ ਚਾਹੇ ਆਰਥਿਕ ਸਮੱਸਿਆ ਦੀ ਹੋਵੇ, ਸਗੇ ਸਬੰਧੀਆਂ ਨਾਲ ਰਿਸ਼ਤੇ ਨਿਭਾਉਣ ਦੀ ਹੋਵੇ, ਬੱਚਿਆਂ ਦੇ ਪਾਲਣ ਪੋਸ਼ਣ ਦੀ ਹੋਵੇ, ਇੱਕ ਦੂਜੇ ਪ੍ਰਤੀ ਸ਼ੱਕੀ ਦ੍ਰਿਸ਼ਟੀ ਦੀ ਹੋਵੇ, ਆਪਸੀ ਵਿਅਰਥ ਬੋਲ ਬੁਲਾਰੇ ਦੀ ਹੋਵੇ ਜਾਂ ਇੱਕ ਦੂਜੇ ਨੂੰ ਅਪਮਾਨਿਤ ਕਰਨ ਬਾਰੇ ਹੋਵੇ, ਆਪਣੇ ਸਾਥੀ ਦੀ ਗੱਲ ਧਿਆਨ ਨਾਲ ਸੁਣੋ, ਸਮਝੋ, ਵਿਚਾਰੋ ਅਤੇ ਉਸ ਦਾ ਉਪਾਅ ਲੱਭੋ। ਆਪਣੀ ਸੋਚ ਨਿਰਪੱਖ, ਉਸਾਰੂ ਅਤੇ ਸਾਰਥਿਕ ਰੱਖਦੇ ਹੋਏ ਕਿਸੇ ਬਹਿਸ 'ਚ ਨਾ ਪਵੋ। ਬਹਿਸ 'ਚ ਉਲਝੇ ਹੋਏ ਪਲ ਨਾ ਕੇਵਲ ਸਮੇਂ ਨੂੰ ਅਣਸੁਖਾਵਾਂ, ਦੁੱਖਦਾਈ ਅਤੇ ਬਦਸੂਰਤ ਬਣਾ ਦਿੰਦੇ ਹਨ, ਸਗੋਂ ਆਪਸੀ ਰੰਜ਼ਿਸ਼ ਦੀ ਧਾਰ ਨੂੰ ਹੋਰ ਤੀਖਣ ਕਰ ਦਿੰਦੇ ਹਨ।

ਪਤੀ-ਪਤਨੀ ਦੇ ਸਾਂਝ 'ਚ ਬਿਤਾਏ ਪਲ ਨਾ ਕੇਵਲ ਸੁਖਦਾਈ, ਦਿਲਕਸ਼, ਮਧੁਰ ਅਤੇ ਦਿਲਾਂ 'ਚ ਖਿੱਚ ਪਾਉਣ ਵਾਲੇ ਹੁੰਦੇ ਹਨ, ਸਗੋਂ ਉਹ ਪਤੀ-ਪਤਨੀ ਦੇ ਰਿਸ਼ਤੇ ਨੂੰ ਮਜ਼ਬੂਤ, ਸੁਚੇਰਾ ਅਤੇ ਲੰਮੇਰਾ ਬਣਾ ਦਿੰਦੇ ਹਨ। ਬੇਲੋੜੀ ਬਹਿਸ ਰਿਸ਼ਤੇ ਨੂੰ ਖੋਖਲਾ ਕਰਦੀ ਹੈ। ਮਨਫ਼ੀ ਵਿਚਾਰ ਬੇਗਾਨਗੀ ਜਿਹੀ ਸਥਿਤੀ ਉਤਪੰਨ ਕਰ ਦਿੰਦੇ ਹਨ। ਪ੍ਰਤੀਕੂਲ ਵਿਚਾਰ ਉਪਜ ਕੇ ਜੀਵਨ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ। ਅਜਿਹੇ ਵਾਤਾਵਰਨ ਦੇ ਫਲਸਰੂਪ ਪਤੀ-ਪਤਨੀ ਘਰ 'ਚ ਵੀ ਫੁਰਸਤ ਦੇ ਸਮੇਂ ਵੀ ਕਦੇ-ਕਦੇ ਰਹਿੰਦੇ ਹਨ। ਘਰ 'ਚ ਜਦੋਂ ਵੀ ਇੱਕ ਦੂਜੇ ਦਾ ਸਾਥ ਹੋਵੇ, ਘੱਟੋ-ਘੱਟ ਅਜਿਹੇ ਸਮੇਂ ਤਾਂ ਦਿਲਾਂ ਦੀਆਂ ਧੜਕਣਾਂ ਸਾਂਝੀਆਂ ਹੋਣ, ਨੈਣਾਂ 'ਚ ਖ਼ੁਮਾਰ ਹੋਵੇ ਅਤੇ ਬੁੱਲ੍ਹਾਂ 'ਤੇ ਮਧੁਰ ਪਿਆਰ ਦੀ ਫੁਹਾਰ ਹੋਵੇ। ਬੇਵਜ੍ਹਾ ਅਤੇ ਬੇਲੋੜੇ ਸਵਾਲ ਖ਼ੂਬਸੂਰਤ ਪਲਾਂ ਨੂੰ ਨਸ਼ਟ ਕਰ ਦਿੰਦੇ ਹਨ। ਨੌਕਰੀਪੇਸ਼ਾ ਦੰਪਤੀ ਨੂੰ ਇਕੱਠਿਆਂ ਸਮਾਂ ਬਿਤਾਉਣ ਦਾ ਸਮਾਂ ਘੱਟ ਹੀ ਮਿਲਦਾ ਹੈ। ਨਿਸ਼ਚੇ ਹੀ ਉਹ ਅਜਿਹੇ ਵਿਹਲ ਦੇ ਸਮੇਂ ਆਪਣਾ ਅਤੇ ਬੱਚਿਆਂ ਦਾ ਭਵਿੱਖ ਉੱਜਲਾ ਅਤੇ ਸੰਤੋਖਜਨਕ ਬਣਾਉਣ ਬਾਰੇ ਸੋਚ ਸਕਦੇ ਹਨ। ਬਸ ਅਜਿਹੀਆਂ ਗੱਲਾਂ 'ਚ ਨਾ ਉਲਝਣ ਜੋ ਰਿਸ਼ਤੇ 'ਚ ਦਰਾਰ ਪੈਦਾ ਕਰਨ।

ਅਗਾਂਹਵਧੂ ਅਤੇ ਉਸਾਰੂ ਵਿਚਾਰਾਂ ਰਾਹੀਂ ਇੱਕ ਦੂਜੇ ਪ੍ਰਤੀ ਵਿਸ਼ਵਾਸ ਪੱਕਾ ਹੁੰਦਾ ਹੈ। ਇਸ ਭਰੋਸੇ ਨੂੰ ਦ੍ਰਿੜ ਕੀਤਾ ਜਾਣਾ ਚਾਹੀਦਾ ਹੈ ਕਿ ਜੀਵਨ ਦੇ ਹਰ ਮੋੜ 'ਤੇ ਉਹ ਦੋਵੇ ਇੱਕ ਦੂਜੇ ਦੇ ਨਾਲ ਹਨ। ਇੱਕ ਦੂਜੇ ਦੀਆਂ ਉਸਾਰੂ ਭਾਵਨਾਵਾਂ ਦਾ ਸਤਿਕਾਰ ਦੰਪਤੀ ਦੀ ਵਾਸਤਵਿਕ ਪੂੰਜੀ ਹੈ। ਪਤੀ-ਪਤਨੀ ਦਾ ਇੱਕ ਦੂਜੇ ਪ੍ਰਤੀ ਸੰਵੇਦਨਸ਼ੀਲ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਦੋਨਾਂ ਨੂੰ ਇਸ ਰਿਸ਼ਤੇ ਦੀ ਕਦਰ ਹੈ ਅਤੇ ਉਹ ਇਸ ਰਿਸ਼ਤੇ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਇਸ ਤਰ੍ਹਾਂ ਰਿਸ਼ਤਾ ਸਦਾ ਨਵਾਂ-ਨਰੋਇਆ ਰਹੇਗਾ ਅਤੇ ਉਸ 'ਚ ਪ੍ਰੇਮ ਵੀ ਬਣਿਆ ਰਹੇਗਾ।

ਸੰਪਰਕ: 90506-80370

ਤੁਹਾਡੀ ਰਸੋਈ

ਰਸਗੁੱਲੇ ਦੀ ਰਸਮਲਾਈ

ਅਕਸਰ ਅਜਿਹਾ ਹੁੰਦਾ ਹੈ ਕਿ ਤੁਸੀਂ ਬਾਜ਼ਾਰ ਵਿੱਚੋਂ ਬਹੁਤ ਸਾਰੇ ਰਸਗੁੱਲੇ ਖਰੀਦ ਕੇ ਲੈ ਆਉਂਦੇ ਹੋ ਜਾਂ ਫ਼ਿਰ ਘਰ ਵਿੱਚ ਹੀ ਬਣਾ ਲੈਂਦੇ ਹੋ। ਜ਼ਿਆਦਾ ਖਾਣ ਤੋਂ ਬਾਅਦ ਬਚੇ ਹੋਏ ਰਸਗੁੱਲੇ ਨੂੰ ਕੋਈ ਵੀ ਨਹੀਂ ਖਾ ਪਾਉਂਦਾ ਤਾਂ ਤੁਸੀਂ ਇਨ੍ਹਾਂ ਨੂੰ ਸੁੱਟਣ ਦੀ ਬਜਾਏ ਇਸ ਦੀ ਰਸਮਲਾਈ ਵੀ ਬਣਾ ਸਕਦੇ ਹੋ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਜ਼ਰੂਰੀ ਸਮੱਗਰੀ
4 ਰਸਗੁੱਲੇ ਨਿਚੋੜ ਕੇ ਰੱਸ ਕੱਢੇ ਹੋਏ
250 ਗ੍ਰਾਮ ਦੁੱਧ
2 ਚਮਚ ਖੰਡ
4-5 ਕੇਸਰ
1 ਵੱਡਾ ਚਮਚ ਬਾਦਾਮ ਅਤੇ ਪਿਸਤਾ
2-3 ਬੂੰਦਾਂ ਕੇਵੜਾ ਜਲ

ਬਣਾਉਣ ਦੀ ਵਿਧੀ
ਕੜਾਈ ਵਿੱਚ ਦੁੱਧ ਅਤੇ ਖੰਡ ਮਿਲਾ ਕੇ ਘੱਟ ਗੈਸ 'ਤੇ ਉਬਾਲਣ ਲਈ ਰੱਖੋ। ਇਸ ਨੂੰ ਹਿਲਾਉਂਦੇ ਹੋਏ ਉਬਾਲੋ ਤਾਂ ਕਿ ਇਹ ਜਲੇ ਨਾ।
ਜਦੋਂ ਦੁੱਧ ਅੱਧਾ ਹੋ ਜਾਵੇ ਤਾਂ ਇਸ ਵਿੱਚ ਬਾਦਾਮ, ਪਿਸਤਾ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ।
ਫ਼ਿਰ ਇਸ ਵਿੱਚ ਰੱਸਗੁੱਲੇ, ਕੇਵੜਾ ਜਲ ਅਤੇ ਕੇਸਰ ਮਿਲਾ ਕੇ 15-20 ਮਿੰਟ ਲਈ ਠੰਡਾ ਹੋਮ ਦੇ ਲਈ ਫ਼ਰਿੱਜ ਵਿੱਚ ਰੱਖ ਦਿਓ।

ਸੰਪਾਦਕੀ

ਵਿਦਿਆਰਥੀਆਂ ਨੂੰ ਸਜ਼ਾ ਦੀ ਨਹੀਂ ਸਗੋਂ ਸਹੀ ਰਾਹ ਦਿਖਾਉਣ ਦੀ ਲੋੜ

ਬੀਤੇ ਦਿਨਾਂ ਦੌਰਾਨ ਦੇਸ਼ ਦੇ ਵਿਦਿਆਰਥੀਆਂ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸੋਸ਼ਲ ਮੀਡੀਆ 'ਤੇ ਗਾਲ੍ਹਾਂ ਕੱਢੀਆਂ ਗਈਆਂ ਤੇ ਇਸ ਗੱਲ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਗੱਲੋਂ ਬਹੁਤ ਫ਼ਿਕਰਮੰਦ ਹਨ ਕਿ ਦੇਸ਼ ਦੇ ਬੱਚਿਆਂ ਨੂੰ ਸ਼ਬਦਾਂ ਦੀ ਮਰਿਆਦਾ ਦਾ ਕੋਈ ਪਾਸ ਨਹੀਂ ਰਿਹਾ। ਉਨ੍ਹਾਂ ਦਾ ਕਹਿਣਾ ਹੈ ਕਿ ਪੇਪਰ ਲੀਕ ਦੇ ਮੁੱਦੇ 'ਤੇ ਜੰਤਰ ਮੰਤਰ ਵਿਖੇ ਹੋਏ ਪ੍ਰਦਰਸ਼ਨ ਦੌਰਾਨ ਗਾਲ੍ਹਾਂ ਕੱਢਣ ਵਾਲੇ ਵਿਦਿਆਰਥੀਆਂ ਨੂੰ ਸਜ਼ਾ ਦੀ ਨਹੀਂ ਸਗੋਂ ਸਹੀ ਰਾਹ ਦਿਖਾਉਣ ਦੀ ਲੋੜ ਹੈ, ਪਰ ਇਸੇ ਦੌਰਾਨ ਪ੍ਰਦਰਸ਼ਨਕਾਰੀ ਜੈੱਨ-ਜ਼ੀ ਬੇਟੀਆਂ ਵੱਲੋਂ ਕੱਢੀਆਂ ਗਈਆਂ ਗਾਲ੍ਹਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਸੱਭਿਆਚਾਰਕ ਸਦਮੇ 'ਚ ਹਨ। ਉਹ ਹੈਰਾਨ-ਪ੍ਰੇਸ਼ਾਨ ਹਨ ਕਿ ਸਾਡੀਆਂ ਧੀਆਂ ਏਨੀਆਂ ਭੱਦੀਆਂ ਗਾਲ੍ਹਾਂ ਕਿਵੇਂ ਕੱਢ ਸਕਦੀਆਂ ਹਨ? ਓਧਰ, ਸਮਾਨਤਾ ਦੇ ਅਧਿਕਾਰ ਤੋਂ ਜਾਣੂ ਧੀਆਂ ਇਸ ਗੱਲੋਂ ਖ਼ਫ਼ਾ ਹਨ ਕਿ ਉਨ੍ਹਾਂ ਦਾ ਜ਼ਿਕਰ ਉਘਾੜ ਕੇ ਕਿਉਂ ਕੀਤਾ ਗਿਆ ਹੈ? ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੇ ਨਵੇਂ ਬਣੇ ਜੈੱਨ-ਜ਼ੀ 'ਫਰੈਂਡਜ਼' ਲਈ ਸ਼ੁੱਕਰਵਾਰ ਦੇਰ ਰਾਤ ਇੱਕ ਇੰਸਟਾਗ੍ਰਾਮ ਰੀਲ ਪੋਸਟ ਕੀਤੀ। ਇਸ ਰੀਲ ਵਿੱਚ ਉਨ੍ਹਾਂ ਨੇ ਆਪਣੇ ਇਨ੍ਹਾਂ ਸ਼ਰਾਰਤੀ ਅਤੇ ਅੱਥਰੇ ਫਰੈਂਡਜ਼ ਦੀ ਭਾਸ਼ਾ 'ਤੇ ਵੱਡਾ ਹੋਣ ਨਾਤੇ ਫ਼ਿਕਰ ਜ਼ਾਹਿਰ ਕੀਤਾ ਤੇ ਨਾਲ ਹੀ ਵੱਡਾ ਦਿਲ ਦਿਖਾਉਂਦਿਆਂ ਉਨ੍ਹਾਂ ਦੀ 'ਭੈੜੀ' ਭਾਸ਼ਾ ਲਈ ਉਨ੍ਹਾਂ ਨੂੰ ਮੁਆਫ਼ ਕਰਨ ਦਾ ਐਲਾਨ ਵੀ ਕੀਤਾ। ਪਿਛਲੇ ਕੁਝ ਦਿਨਾਂ ਦੌਰਾਨ ਉਨ੍ਹਾਂ ਦੀ ਆਪਣੇ ਇਨ੍ਹਾਂ ਫਰੈਂਡਜ਼ ਲਈ ਪੋਸਟ ਕੀਤੀ ਗਈ ਇਹ ਪੰਜਵੀਂ ਰੀਲ ਹੈ। ਉਂਜ ਆਪਣੇ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਉਹ ਬਹੁਤ ਵਾਰ ਬੱਚਿਆਂ ਨੂੰ ਪੇਪਰਾਂ ਕਾਰਨ ਹੁੰਦੇ ਤਣਾਅ ਨੂੰ ਦੂਰ ਕਰਨ ਦੇ ਢੰਗ ਤਰੀਕੇ ਦੱਸ ਚੁੱਕੇ ਹਨ, ਪਰ ਉਨ੍ਹਾਂ ਦੇ ਫਰੈਂਡਜ਼ ਦਾ ਮਸਲਾ ਪੇਪਰ ਦੇਣ ਨਾਲ ਨਹੀਂ ਸੀ ਜੁੜਿਆ ਹੋਇਆ। ਮਸਲਾ ਤਾਂ ਪੇਪਰ ਲੀਕ ਹੋਣ ਦਾ ਸੀ, ਜਿਸ ਕਾਰਨ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਅਸਰਅੰਦਾਜ਼ ਹੋਇਆ ਅਤੇ ਵੀਹ ਤੋਂ ਵੱਧ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕਰ ਲਈ। ਇਸੇ ਦੌਰਾਨ ਜੈੱਨ-ਜ਼ੀ ਧੀਆਂ ਨੇ ਉਨ੍ਹਾਂ ਦੀ ਭਾਸ਼ਾ ਬਾਰੇ ਫ਼ਿਕਰ ਕਰਨ ਦੇ ਨਾਲ ਨਾਲ ਆਰ ਐੱਸ ਐੱਸ ਦੇ ਕੇਰਲਮ ਸੂਬੇ ਦੇ ਸਵੈਮ-ਸੇਵਕ ਟੀ ਜੀ ਮੋਹਨਦਾਸ ਨੂੰ ਵੀ ਸ਼ਬਦਾਂ ਦੀ ਮਰਿਆਦਾ ਦਾ ਪਾਸ ਸਮਝਾਏ ਜਾਣ ਦਾ ਵਾਸਤਾ ਪਾਇਆ ਹੈ।

ਦਰਅਸਲ, ਜੰਤਰ ਮੰਤਰ 'ਤੇ ਚੱਲ ਰਹੇ ਪ੍ਰਦਰਸ਼ਨ ਮੌਕੇ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਮਗਰੋਂ ਟੀ ਜੀ ਮੋਹਨਦਾਸ ਨੇ ਯੂਟਿਊਬ 'ਤੇ ਪਾਈਆਂ ਵੀਡੀਓਜ਼ 'ਚ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਦੇ ਸੰਦਰਭ ਵਿੱਚ ਬਿਆਨ ਦਿੱਤਾ ਸੀ, "ਜੇ ਪ੍ਰਦਰਸ਼ਨ ਵਾਲੀ ਥਾਂ ਤੋਂ ਪੁਲੀਸ ਹਟਾ ਲਈ ਜਾਂਦੀ ਹੈ ਤਾਂ ਉੱਥੇ ਸਮੂਹਿਕ ਬਲਾਤਕਾਰ ਹੋਣਗੇ। ਇਹ ਉਹ ਕੁੜੀਆਂ ਹਨ, ਜੋ ਬਲਾਤਕਾਰ ਪਸੰਦ ਕਰਦੀਆਂ ਹਨ।" ਕੀ 70 ਸਾਲਾ ਟੀ ਜੀ ਮੋਹਨਦਾਸ ਨੇ ਧੀਆਂ ਬਾਰੇ ਅਜਿਹੀ ਭੱਦੀ ਟਿੱਪਣੀ ਕਰਦਿਆਂ ਸ਼ਬਦਾਂ ਦੀ ਮਰਿਆਦਾ ਦਾ ਪਾਸ ਰੱਖਿਆ ਹੈ?

ਵਿਧਾਇਕ ਜਿੰਪਾ ਨੇ ਬਹਾਦਰਪੁਰ ਦੇ ਠਠਿਆਰਾ ਮੁਹੱਲੇ ਚ ਇੰਟਰਲਾਕ ਗਲੀਆਂ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

ਹੁਸ਼ਿਆਰਪੁਰ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਬਹਾਦਰਪੁਰ ਖੇਤਰ ਵਿੱਚ 23 ਲੱਖ 38 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਇੰਟਰਲਾਕ ਗਲੀਆਂ ਦੇ ਨਿਰਮਾਣ ਕਾਰਜ ਦਾ ਸ਼ੁਭ ਆਰੰਭ ਕੀਤਾ।

ਵਿਧਾਇਕ ਜਿੰਪਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਬਹਾਦਰਪੁਰ ਦੇ ਠਠਿਆਰਾ ਮੁਹੱਲੇ ਦੀਆਂ ਸਾਰੀਆਂ ਗਲੀਆਂ ਦਾ ਨਿਰਮਾਣ ਇੰਟਰਲਾਕ ਟਾਈਲਾਂ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਵਿੱਚ ਇੱਕਸਾਰ ਬੁਨਿਆਦੀ ਸਹੂਲਤਾਂ ਦੇ ਵਿਸਥਾਰ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਬਹਾਦਰਪੁਰ ਵਿੱਚ ਇਹ ਵਿਕਾਸ ਕਾਰਜ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਇਲਾਕਾ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਾਪਤ ਹੋਣਗੀਆਂ।

ਉਨ੍ਹਾਂ ਕਿਹਾ ਕਿ ਇੰਟਰਲਾਕ ਟਾਈਲਾਂ ਨਾਲ ਬਣਨ ਵਾਲੀਆਂ ਗਲੀਆਂ ਨਾ ਸਿਰਫ਼ ਵਧੇਰੇ ਟਿਕਾਊ ਹੋਣਗੀਆਂ, ਸਗੋਂ ਇਲਾਕੇ ਦੀ ਸੁੰਦਰਤਾ ਵਿੱਚ ਵੀ ਵਾਧਾ ਕਰਨਗੀਆਂ ਅਤੇ ਲੋਕਾਂ ਨੂੰ ਆਵਾਜਾਈ ਵਿੱਚ ਵੀ ਸਹੂਲਤ ਮਿਲੇਗੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਮਾਣ ਕਾਰਜ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਅਤੇ ਨਿਰਧਾਰਤ ਸਮਾਂ ਸੀਮਾ ਅੰਦਰ ਮੁਕੰਮਲ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਜਲਦੀ ਤੋਂ ਜਲਦੀ ਇਸ ਦਾ ਲਾਭ ਮਿਲ ਸਕੇ।

ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਵਿੱਚ 45 ਤੋਂ ਵੱਧ ਨਵੇਂ ਟਿਊਬਵੈੱਲ ਸਥਾਪਿਤ ਕੀਤੇ ਜਾ ਚੁੱਕੇ ਹਨ ਅਤੇ 100 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਖੇਤਰ ਦੇ ਸਮੁੱਚੇ ਵਿਕਾਸ ਲਈ ਇਸੇ ਰਫ਼ਤਾਰ ਨਾਲ ਕੰਮ ਜਾਰੀ ਰਹਿਣਗੇ।ਸਥਾਨਕ ਨਿਵਾਸੀਆਂ ਨੇ ਖੇਤਰ ਵਿੱਚ ਵਿਕਾਸ ਕਾਰਜ ਸ਼ੁਰੂ ਕਰਵਾਉਣ ਲਈ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦਾ ਧੰਨਵਾਦ ਕੀਤਾ। ਕੌਂਸਲਰ ਪਰਵੀਨ ਸੈਣੀ ਨੇ ਕਿਹਾ ਕਿ ਇਸ ਪ੍ਰੋਜੈਕਟ ਨਾਲ ਠਠਿਆਰਾ ਮੁਹੱਲੇ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਵੇਗੀ ਅਤੇ ਉਨ੍ਹਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮਿਲਣਗੀਆਂ।

ਇਸ ਮੌਕੇ ਪ੍ਰਦੀਪ ਸੈਣੀ, ਕ੍ਰਿਸ਼ਨ ਸੈਣੀ, ਵਿਜੈ ਅਤੇ ਕੁਲਦੀਪ ਕੌਰ ਸਮੇਤ ਹੋਰ ਪਤਵੰਤੇ ਵਿਅਕਤੀ ਅਤੇ ਸਥਾਨਕ ਨਿਵਾਸੀ ਹਾਜ਼ਰ ਸਨ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਅਖਿਲ ਕੁਮਾਰ ਸ਼ੁਕਲਾ ਨੇ ਕੀਤਾ ਪੱਟੀ ਜੇਲ੍ਹ ਦਾ ਦੌਰਾ

ਤਰਨਤਾਰਨ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਅਖਿਲ ਕੁਮਾਰ ਸ਼ੁਕਲਾ ਨੇ ਪੱਟੀ ਸਬ-ਜੇਲ੍ਹ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਜੇਲ੍ਹ ਵਿਚਲੇ ਸੈੱਲਾਂ ਅਤੇ ਬੈਰਕਾਂ ਦਾ ਨਿਰੀਖਣ ਕੀਤਾ। ਉਨ੍ਹਾਂ ਸਾਰੀਆਂ ਬੈਰਕਾਂ ਵਿੱਚ ਹਰੇਕ ਕੈਦੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ। ਉਨ੍ਹਾਂ ਬੈਰਕਾਂ ਵਿੱਚ ਬਣੇ ਬਾਥਰੂਮਾਂ ਦੀ ਸਫ਼ਾਈ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਨੇ ਕੈਦੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ।

ਉਨ੍ਹਾਂ ਨੇ ਜੇਲ੍ਹ ਵਿੱਚ ਤਿਆਰ ਕੀਤੇ ਜਾ ਰਹੇ ਭੋਜਨ, ਜਿਸ ਵਿੱਚ ਰੋਟੀ, ਦਾਲ, ਕਾਲੇ ਛੋਲੇ ਅਤੇ ਖੀਰ ਆਦਿ ਸ਼ਾਮਿਲ ਸਨ, ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਜੇਲ੍ਹ ਵਿੱਚ ਬਣੀ ਡਿਸਪੈਂਸਰੀ ਕੰਟੀਨ ਅਤੇ ਲਾਇਬ੍ਰੇਰੀ ਵੀ ਚੈੱਕ ਕੀਤੀ।

ਉਨ੍ਹਾਂ ਜੇਲ੍ਹ ਅਤੇ ਜੇਲ੍ਹ ਦੀ ਇਮਾਰਤ ਦੀ ਸਫ਼ਾਈ ਨੂੰ ਵੀ ਧਿਆਨ ਨਾਲ ਵਾਚਿਆ। ਉਨ੍ਹਾਂ ਬੰਦੀਆਂ ਤੋਂ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਮੈਡੀਕਲ ਸਹੂਲਤਾਂ, ਮੁਫ਼ਤ ਕਾਨੂੰਨੀ ਸਹਾਇਤਾ ਅਤੇ ਹੋਰ ਸਹੂਲਤਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ।

ਉਨ੍ਹਾਂ ਜੇਲ੍ਹ ਸੁਪਰਡੈਂਟ ਇੰਦਰਪ੍ਰੀਤ ਸਿੰਘ ਤੋਂ ਜੇਲ੍ਹ ਸਬੰਧੀ ਜਾਣਕਾਰੀ ਹਾਸਲ ਕੀਤੀ ਕਿ ਜੇਲ੍ਹ ਕਦੋਂ ਬਣੀ ਅਤੇ ਇਥੇ ਕੀ-ਕੀ ਸਹੂਲਤਾਂ ਹਨ। ਉਨ੍ਹਾਂ ਜੇਲ੍ਹ ਦੀ ਇਮਾਰਤ ਪੁਰਾਣੀ ਹੋਣ ਕਰਕੇ ਜਲਦੀ ਤੋਂ ਜਲਦੀ ਇਸ ਦੀ ਲੋੜੀਂਦੀ ਮੁਰੰਮਤ ਕਰਾਉਣ ਦੇ ਸੁਝਾਅ ਵੀ ਦਿੱਤੇ।

ਇਸ ਮੌਕੇ ਜੇਲ੍ਹ ਸੁਪਰਡੈਂਟ ਇੰਦਰਪ੍ਰੀਤ ਸਿੰਘ ਪੀ.ਪੀ.ਐਸ, ਸਹਾਇਕ ਸੁਪਰਡੈਂਟ ਸਤਨਾਮ ਸਿੰਘ, ਜੇਲ੍ਹ ਮੈਡੀਕਲ ਅਫ਼ਸਰ ਡਾ. ਹਰਸਿਮਰਤ ਸਿੰਘ, ਫਾਰਮਾਸਿਸਟ ਨਵਦੀਪ ਸਿੰਘ, ਸਟੋਰ ਕੀਪਰ ਜਤਿੰਦਰ ਸਿੰਘ ਅਤੇ ਜੇਲ੍ਹ ਦੇ ਹੋਰ ਸਟਾਫ ਮੈਂਬਰ ਵੀ ਮੌਜੂਦ ਸਨ।

ਚੰਡੀਗੜ੍ਹ ਪ੍ਰਸ਼ਾਸ਼ਕ ਵਲੋ ਹਰਿਦੁਆਰ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਚਾਰ ਬੱਚਿਆਂ ਦੇ ਪਰਿਵਾਰਾਂ ਨੂੰ 5 -5 ਲੱਖ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ

ਚੰਡੀਗੜ੍ਹ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਐਤਵਾਰ ਨੂੰ ਹਰਿਦੁਆਰ ਵਿੱਚ ਕਾਂਵੜ ਯਾਤਰਾ ਦੌਰਾਨ ਗੰਗਾ ਦਰਿਆ ਦੇ ਤੇਜ਼ ਵਹਾਅ ਵਿੱਚ ਰੁੜ੍ਹ ਕੇ ਜਾਨ ਗੁਆਉਣ ਵਾਲੇ ਚੰਡੀਗੜ੍ਹ ਦੇ ਚਾਰ ਬੱਚਿਆਂ ਦੇ ਪਰਿਵਾਰਾਂ ਨੂੰ 5-5 ਲੱਖ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।

ਪ੍ਰਸ਼ਾਸਕ ਨੇ ਅੱਜ ਸ਼ਾਮ ਪੀੜ੍ਹਤ ਪਰਿਵਾਰਾਂ ਨਾਲ ਉਨ੍ਹਾਂ ਦੇ ਨਿਵਾਸ ਸਥਾਨਾਂ 'ਤੇ ਜਾ ਕੇ ਮੁਲਾਕਾਤ ਕੀਤੀ ਅਤੇ ਇਸ ਦੁਖਦਾਈ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਪੂਰੀ ਸੰਵੇਦਨਸ਼ੀਲਤਾ ਨਾਲ ਉਨ੍ਹਾਂ ਦੇ ਨਾਲ ਖੜ੍ਹਾ ਹੈ।

ਇਸ ਘਟਨਾ ਨੂੰ ਬਹੁਤ ਹੀ ਦਿਲ ਦਹਿਲਾ ਦੇਣ ਵਾਲਾ ਦੱਸਦਿਆਂ ਸ੍ਰੀ ਕਟਾਰੀਆ ਨੇ ਕਿਹਾ ਕਿ ਚਾਰ ਮਾਸੂਮ ਬੱਚਿਆਂ ਦੀ ਅਚਨਚੇਤ ਮੌਤ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਲਈ, ਸਗੋਂ ਪੂਰੇ ਸ਼ਹਿਰ ਲਈ ਇੱਕ ਨਾ ਪੂਰੀ ਹੋ ਸਕਣ ਵਾਲਾ ਘਾਟਾ ਹੈ।

ਉਨ੍ਹਾਂ ਕਿਹਾ ਕਿ ਇਹ ਸਾਰੇ ਬੱਚੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸੰਬੰਧਿਤ ਸਨ, ਜਿਨ੍ਹਾਂ ਵਿੱਚੋਂ ਕੁਝ ਪਰਿਵਾਰ ਬਹੁਤ ਹੀ ਮੁਸ਼ਕਲ ਆਰਥਿਕ ਹਾਲਾਤਾਂ ਵਿੱਚ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਪੀੜ੍ਹਤ ਪਰਿਵਾਰਾਂ ਨੂੰ ਇਸ ਅਸਹਿ ਦੁੱਖ ਨੂੰ ਸਹਿਣ ਬਲ ਬਖ਼ਸ਼ਣ ਦੀ ਕਾਮਨਾ ਕੀਤੀ।

ਆਪਣੇ ਅਖਤਿਆਰੀ ਫੰਡ ਵਿੱਚੋਂ ਰਾਹਤ ਰਾਸ਼ੀ ਦਾ ਐਲਾਨ ਕਰਦਿਆਂ ਸ੍ਰੀ ਕਟਾਰੀਆ ਨੇ ਕਿਹਾ ਕਿ ਪ੍ਰਭਾਵਿਤ ਚਾਰੇ ਪਰਿਵਾਰਾਂ ਨੂੰ ?5-5 ਲੱਖ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਬੱਚੇ ਦੇ ਵਿਛੋੜੇ ਦੀ ਭਰਪਾਈ ਕੋਈ ਵੀ ਵਿੱਤੀ ਸਹਾਇਤਾ ਨਹੀਂ ਕਰ ਸਕਦੀ, ਪਰ ਇਹ ਸਹਾਇਤਾ ਇਸ ਔਖੇ ਸਮੇਂ ਵਿੱਚ ਪਰਿਵਾਰਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਦਿੱਤੀ ਜਾ ਰਹੀ ਹੈ।

ਸ੍ਰੀ ਕਟਾਰੀਆ ਨੇ ਸੰਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇ।

ਪ੍ਰਸ਼ਾਸਕ ਨੇ ਇੱਕ ਵਾਰ ਫਿਰ ਸੋਗ ਵਿਚ ਡੁੱਬੇ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਕਿ ਇਸ ਦੁੱਖ ਦੀ ਘੜੀ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਪੂਰੀ ਮਜ਼ਬੂਤੀ ਨਾਲ ਉਨ੍ਹਾਂ ਦੇ ਨਾਲ ਖੜ੍ਹਾ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਮੰਗੇ ਪਾਸਪੋਰਟ; ਜਾਣੋ ਜ਼ਰੂਰੀ ਹਦਾਇਤਾਂ ਤੇ ਦਸਤਾਵੇਜ਼ ਬਾਰੇ

ਅੰਮ੍ਰਿਤਸਰ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਨਵੰਬਰ ਮਹੀਨੇ ਵਿੱਚ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਭੇਜਿਆ ਜਾਵੇਗਾ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਸ਼ਰਧਾਲੂਆਂ ਕੋਲੋਂ ਉਨ੍ਹਾਂ ਦੇ ਪਾਸਪੋਰਟ 10 ਅਗਸਤ ਤੱਕ ਮੰਗੇ ਗਏ ਹਨ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਵੇਗਾ।

ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹੁਲਕਾ ਮੈਂਬਰ ਦੀ ਸਿਫ਼ਾਰਸ਼ ਸਹਿਤ 10 ਅਗਸਤ ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਵਿੱਚ ਭੇਜਣ।

ਸ਼ਰਧਾਲੂਆਂ ਲਈ ਪਾਸਪੋਰਟ ਦੇ ਨਾਲ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹ

ਤੀਆਂ ਪਟਿਆਲੇ ਦੀ ਸਭਿਆਚਾਰ ਨੂੰ ਭਰਵਾਂ ਹੁੰਗਾਰਾ ਦੇ ਰਹੀਆਂ ਹਨ: ਰਾਜਵੀਰ ਕੌਰ ਵਰਮਾ

ਪਟਿਆਲਾ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਵਿਖੇ ਹੋਟਲ ਇਕਬਾਲ ਇਨ ਵਿੱਚ ਇਕਬਾਲ ਇਨ ਲੇਡੀਜ਼ ਕਲੱਬ ਵੱਲੋਂ ਜ਼ਿਲ੍ਹੇ ਦਾ ਸਭ ਤੋਂ ਵੱਡਾ ਤੀਆਂ ਦਾ ਮੇਲਾ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਰੰਗਾਰੰਗ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਹਿੱਸਾ ਲੈ ਕੇ ਪੰਜਾਬੀ ਸੱਭਿਆਚਾਰ ਅਤੇ ਰਵਾਇਤਾਂ ਨੂੰ ਜੀਵੰਤ ਕੀਤਾ। ਸਮਾਗਮ ਦੌਰਾਨ ਪ੍ਰਸਿੱਧ ਸਮਾਜ ਸੇਵਿਕਾ ਅਤੇ ਉਕਾਬ ਫੈਡਰੇਸ਼ਨ ਦੀ ਕੌ-ਫਾਊਂਡਰ ਰਾਜਵੀਰ ਕੌਰ ਵਰਮਾ ਨੇ ਵਿਸ਼ੇਸ਼ ਮਹਿਮਾਨ ਅਤੇ ਜੱਜ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਮਿਸ ਤੀਜ ਅਤੇ ਮਿਸਿਸ ਤੀਜ ਮੁਕਾਬਲਿਆਂ ਦੀ ਜੇਤੂਆਂ ਨੂੰ ਤਾਜ ਪਹਿਨਾ ਕੇ ਸਨਮਾਨਿਤ ਕੀਤਾ ਅਤੇ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੀ ਵੰਡੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਵੀਰ ਕੌਰ ਵਰਮਾ ਨੇ ਕਿਹਾ ਕਿ ਲੇਡੀਜ਼ ਕਲੱਬ ਇਕਬਾਲ ਇਨ ਅਤੇ ਸਮੁੱਚੀ ਟੀਮ, ਖ਼ਾਸ ਕਰਕੇ ਨੈਨਸੀ, ਹਰਵੀਨ ਸੇਠੀ, ਡਿੰਪੀ ਸੇਠੀ ਅਤੇ ਉਨ੍ਹਾਂ ਦੇ ਸਾਥੀ ਇਸ ਸ਼ਾਨਦਾਰ ਆਯੋਜਨ ਲਈ ਵਧਾਈ ਦੇ ਹੱਕਦਾਰ ਹਨ।

ਉਨ੍ਹਾਂ ਕਿਹਾ ਕਿ ਤੀਆਂ ਵਰਗੇ ਸਮਾਗਮ ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਦੇ ਨਾਲ-ਨਾਲ ਮਹਿਲਾਵਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਵੀ ਉੱਤਮ ਮੰਚ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਅਜਿਹੇ ਪ੍ਰੋਗਰਾਮ ਹਰ ਸਾਲ ਕਰਵਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਸਮਾਗਮ ਵਿੱਚ ਸ਼੍ਰੀਮਤੀ ਵਿਲਸੀ ਘੁੰਮਣ, ਡਾ. ਸੁਧਾ ਆਰੀਆ, ਸ਼੍ਰੀਮਤੀ ਸੋਨੀਆ ਤਾਜ ਅਤੇ ਅੰਜਲੀ ਵਰਮਾ ਨੇ ਵੀ ਜਿਊਰੀ ਮੈਂਬਰਾਂ ਵਜੋਂ ਆਪਣੀਆਂ ਸੇਵਾਵਾਂ ਨਿਭਾਈਆਂ। ਤੀਆਂ ਦੇ ਇਸ ਮੇਲੇ ਵਿੱਚ ਪੰਜਾਬੀ ਲੋਕ-ਸੱਭਿਆਚਾਰ, ਰਵਾਇਤੀ ਪਹਿਰਾਵੇ ਅਤੇ ਮਹਿਲਾਵਾਂ ਦੇ ਉਤਸ਼ਾਹ ਨੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।

ਪੰਜਾਬ ਦੇ ਜ਼ਿਲ੍ਹਾ ਸਿੱਖਿਆ ਇੰਚਾਰਜਾਂ ਅਤੇ ਬਲਾਕ ਸਿੱਖਿਆ ਕੋਆਰਡੀਨੇਟਰਾਂ ਦੀ ਰਾਜ ਪੱਧਰੀ ਮੀਟਿੰਗ ਦੌਰਾਨ ਪੰਜਾਬ ਦੇ ਸਿੱਖਿਆ ਵਿੱਚ ਅੱਵਲ ਆਉਣ ਬਾਰੇ ਕੀਤੀ ਚਰਚਾ

ਪਟਿਆਲਾ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸਿੱਖਿਆ ਇੰਚਾਰਜਾਂ ਅਤੇ ਬਲਾਕ ਸਿੱਖਿਆ ਕੋਆਰਡੀਨੇਟਰਾਂ ਦੀ ਰਾਜ ਪੱਧਰੀ ਮੀਟਿੰਗ ਪਟਿਆਲਾ ਵਿਖੇ ਜ਼ਿਲ੍ਹਾ ਪ੍ਰੀਸ਼ਦ ਦੇ ਕਾਨਫਰੰਸ ਹਾਲ ਵਿੱਚ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਆਮ ਆਦਮੀ ਪਾਰਟੀ ਦੇ ਸਟੇਟ ਸਿੱਖਿਆ ਇੰਚਾਰਜ ਗੁਲਸ਼ਨ ਛਾਬੜਾ ਅਤੇ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ ਚੇਅਰਮੈਨ ਗੁਰਦੇਵ ਸਿੰਘ ਟਿਵਾਣਾ ਨੇ ਕੀਤੀ। ਮੀਟਿੰਗ ਦਾ ਆਯੋਜਨ ਜ਼ਿਲ੍ਹਾ ਸਿੱਖਿਆ ਇੰਚਾਰਜ ਵਿਜੇ ਮੈਨਰੋ ਦੀ ਅਗਵਾਈ ਹੇਠ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਲਸ਼ਨ ਛਾਬੜਾ ਨੇ ਕਿਹਾ ਕਿ ਪੰਜਾਬ ਦੀ ਸਕੂਲੀ ਸਿੱਖਿਆ ਨੂੰ ਦੇਸ਼ ਭਰ ਵਿੱਚ ਪਹਿਲੇ ਸਥਾਨ 'ਤੇ ਲਿਆਉਣ ਲਈ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਆਪਣੇ ਸਫਲ ਤਜ਼ਰਬਿਆਂ ਦੇ ਆਧਾਰ 'ਤੇ ਮਾਰਗਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਮੁੱਚੀ ਟੀਮ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਅੱਗੇ ਦੱਸਿਆ ਕਿ ਸਕੂਲਾਂ ਦੀਆਂ ਚਾਰਦੀਵਾਰੀਆਂ ਦੀ ਉਸਾਰੀ, ਵਿਦਿਆਰਥੀਆਂ ਲਈ ਡੈਸਕਾਂ ਦਾ ਪ੍ਰਬੰਧ, ਵੱਖ-ਵੱਖ ਵਿਸ਼ਿਆਂ ਦੀਆਂ ਪ੍ਰਯੋਗਸ਼ਾਲਾਵਾਂ ਦੀ ਸਥਾਪਨਾ, ਨਵੇਂ ਸਮਾਰਟ ਕਲਾਸਰੂਮਾਂ ਦਾ ਨਿਰਮਾਣ, ਲੜਕੀਆਂ ਲਈ ਵੱਖਰੇ ਪਖਾਨਿਆਂ ਦੀ ਸਹੂਲਤ, ਸਕੂਲ ਆਫ ਐਮੀਨੈਂਸ ਦੀ ਸਥਾਪਨਾ, ਸਕੂਲਾਂ ਵਿੱਚ ਸੁਰੱਖਿਆ ਗਾਰਡਾਂ ਅਤੇ ਕੈਂਪਸ ਮੈਨੇਜਰਾਂ ਦੀ ਨਿਯੁਕਤੀ, ਕੱਚੇ ਅਧਿਆਪਕਾਂ ਨੂੰ ਪੱਕਾ ਕਰਨਾ ਅਤੇ ਨਵੇਂ ਅਧਿਆਪਕਾਂ ਦੀ ਭਰਤੀ ਵਰਗੇ ਕਈ ਮਹੱਤਵਪੂਰਨ ਉਪਰਾਲੇ ਕੀਤੇ ਗਏ ਹਨ। ਇਸ ਤੋਂ ਇਲਾਵਾ ਅਧਿਆਪਕਾਂ ਨੂੰ ਸਿੰਗਾਪੁਰ, ਫਿਨਲੈਂਡ ਅਤੇ ਅਹਿਮਦਾਬਾਦ ਵਿੱਚ ਸਿਖਲਾਈ ਦੇਣ ਅਤੇ ਗੁਣਾਤਮਕ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ 'ਮਿਸ਼ਨ ਸਮਰੱਥ' ਵਰਗੀਆਂ ਯੋਜਨਾਵਾਂ ਨੂੰ ਵੀ ਸਫ਼ਲਤਾਪੂਰਵਕ ਲਾਗੂ ਕੀਤਾ ਗਿਆ ਹੈ।

ਗੁਲਸ਼ਨ ਛਾਬੜਾ ਨੇ ਸਕੂਲ ਪ੍ਰਬੰਧਨ ਕਮੇਟੀਆਂ ਦੇ ਮੈਂਬਰਾਂ ਅਤੇ ਹੋਰ ਸਹਿਯੋਗੀਆਂ ਨੂੰ ਅਪੀਲ ਕੀਤੀ ਕਿ ਉਹ ਵਲੰਟੀਅਰ ਵਜੋਂ ਸਕੂਲਾਂ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਆਪਣੇ ਕੀਮਤੀ ਸੁਝਾਵਾਂ ਰਾਹੀਂ ਸਿੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ। ਇਸ ਮੌਕੇ ਸਮੂਹ ਸਕੂਲ ਪ੍ਰਬੰਧਨ ਕਮੇਟੀ ਮੈਂਬਰਾਂ ਅਤੇ ਚੇਅਰਮੈਨਾਂ ਵੱਲੋਂ ਗੁਲਸ਼ਨ ਛਾਬੜਾ ਨੂੰ ਸਨਮਾਨਿਤ ਵੀ ਕੀਤਾ ਗਿਆ। ਮੀਟਿੰਗ ਵਿੱਚ ਗੁਰਿੰਦਰਜੀਤ ਸਿੰਘ ਜਵੰਧਾ ਚੇਅਰਮੈਨ ਪੰਜਾਬ ਇਨਫੋਟੈਕ, ਹਰਮੀਤ ਸਿੰਘ ਛਿੱਬਰ ਜ਼ੋਨਲ ਸਿੱਖਿਆ ਇੰਚਾਰਜ, ਡਾ. ਗੁਰਪ੍ਰੀਤ ਸਿੰਘ, ਰਾਜ ਕੁਮਾਰ ਖੋਸਲਾ, ਹਾਕਮ ਸਿੰਘ, ਜਾਗਰ ਸਿੰਘ ਰਾਜਪੁਰਾ, ਜਸਪਾਲ ਸਿੰਘ, ਅਮਰੀਕ ਸਿੰਘ, ਗੁਰਬਾਜ ਸਿੰਘ, ਦਇਆ ਸਿੰਘ, ਗੋਪਾਲ ਕ੍ਰਿਸ਼ਨ, ਰਾਮ ਸ਼ਰਨ, ਦਿਨੇਸ਼ ਪੁਰੀ, ਰਵਿੰਦਰ ਮਹਿਤਾਬ, ਵਿਜੇ ਗੋਸਵਾਮੀ, ਸ਼ਸ਼ਾਂਕ, ਰਾਜਿੰਦਰ ਸਿੰਘ ਚਾਨੀ ਅਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਜ਼ਿਲ੍ਹਾ ਸਿੱਖਿਆ ਇੰਚਾਰਜ, ਬਲਾਕ ਕੋਆਰਡੀਨੇਟਰ, ਸਕੂਲ ਪ੍ਰਬੰਧਨ ਕਮੇਟੀਆਂ ਦੇ ਚੇਅਰਮੈਨ ਅਤੇ ਹੋਰ ਮੈਂਬਰ ਹਾਜ਼ਰ ਸਨ।

ਸੀ ਟੀ ਯੂਨੀਵਰਸਿਟੀ ਨੇ 'ਨਿਰਮਾਣ 2026' ਓਰੀਐਂਟੇਸ਼ਨ ਪ੍ਰੋਗਰਾਮ ਤਹਿਤ 2,500 ਤੋਂ ਵੱਧ ਨਵੇਂ ਵਿਦਿਆਰਥੀਆਂ ਦਾ ਕੀਤਾ ਸ਼ਾਨਦਾਰ ਸਵਾਗਤ

ਲੁਧਿਆਣਾ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੀ ਟੀ ਯੂਨੀਵਰਸਿਟੀ ਨੇ ਆਪਣੇ ਪ੍ਰਸਿੱਧ ਓਰੀਐਂਟੇਸ਼ਨ ਪ੍ਰੋਗਰਾਮ 'ਨਿਰਮਾਣ 2026' ਦੀ ਸ਼ਾਨਦਾਰ ਸ਼ੁਰੂਆਤ ਕਰਦਿਆਂ ਵੱਖ-ਵੱਖ ਫੈਕਲਟੀਆਂ ਵਿੱਚ ਦਾਖਲਾ ਲੈਣ ਵਾਲੇ 2,500 ਤੋਂ ਵੱਧ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਉਤਸ਼ਾਹ, ਨਵਾਚਾਰ ਅਤੇ ਰਚਨਾਤਮਕਤਾ ਨਾਲ ਭਰਪੂਰ ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਦੇ ਯੂਨੀਵਰਸਿਟੀ ਜੀਵਨ ਦੀ ਯਾਦਗਾਰ ਸ਼ੁਰੂਆਤ ਕਰਵਾਈ।

ਇਸ ਸਾਲ ਓਰੀਐਂਟੇਸ਼ਨ ਪ੍ਰੋਗਰਾਮ ਨੂੰ ਵਿਲੱਖਣ ਏਅਰਪੋਰਟ ਥੀਮ 'ਤੇ ਆਯੋਜਿਤ ਕੀਤਾ ਗਿਆ, ਜਿਸ ਤਹਿਤ ਪੂਰੇ ਕੈਂਪਸ ਨੂੰ ਇੱਕ ਆਧੁਨਿਕ ਏਅਰਪੋਰਟ ਟਰਮੀਨਲ ਦਾ ਰੂਪ ਦਿੱਤਾ ਗਿਆ। ਇਹ ਸੰਕਲਪ ਵਿਦਿਆਰਥੀਆਂ ਦੇ ਗਿਆਨ, ਨਵਾਚਾਰ ਅਤੇ ਸਫਲਤਾ ਵੱਲ ਸ਼ੁਰੂ ਹੋਣ ਵਾਲੇ ਨਵੇਂ ਅਕਾਦਮਿਕ ਸਫ਼ਰ ਦਾ ਪ੍ਰਤੀਕ ਬਣਿਆ।

ਪ੍ਰੋਗਰਾਮ ਦੀ ਸਭ ਤੋਂ ਖ਼ਾਸ ਆਕਰਸ਼ਣ ਹਰ ਵਿਦਿਆਰਥੀ ਨੂੰ ਨਿੱਜੀ ਪਾਸਪੋਰਟ ਅਤੇ ਬੋਰਡਿੰਗ ਪਾਸ ਦੇ ਕੇ ਸਵਾਗਤ ਕਰਨਾ ਰਿਹਾ। ਇਸ ਨਵੀਨਤਮ ਪਹਿਲ ਨੇ ਵਿਦਿਆਰਥੀਆਂ ਨੂੰ ਅਜਿਹਾ ਅਨੁਭਵ ਦਿੱਤਾ ਜਿਵੇਂ ਉਹ ਆਪਣੇ ਸੁਪਨਿਆਂ ਅਤੇ ਉਜਲੇ ਭਵਿੱਖ ਵੱਲ ਉਡਾਣ ਭਰਨ ਲਈ ਤਿਆਰ ਹੋਣ। ਇਹ ਪਹਿਲ ਸੀ ਟੀ ਯੂਨੀਵਰਸਿਟੀ ਦੀ ਵਿਸ਼ਵ ਪੱਧਰੀ ਪੇਸ਼ੇਵਰਾਂ ਅਤੇ ਭਵਿੱਖ ਦੇ ਨੇਤਾਵਾਂ ਨੂੰ ਤਿਆਰ ਕਰਨ ਦੀ ਵਚਨਬੱਧਤਾ ਨੂੰ ਵੀ ਦਰਸਾਉਂਦੀ ਹੈ।

ਉਦਘਾਟਨੀ ਸਮਾਰੋਹ ਵਿੱਚ ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ, ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ, ਵਾਈਸ ਚਾਂਸਲਰ ਡਾ. ਨਿਤਿਨ ਟੰਡਨ, ਰਜਿਸਟਰਾਰ ਸੰਜੇ ਖੰਡੂਰੀ ਅਤੇ ਡਾਇਰੈਕਟਰ, ਡਿਵੀਜ਼ਨ ਆਫ਼ ਸਟੂਡੈਂਟ ਵੈਲਫੇਅਰ ਇੰਜੀ. ਦਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਾਰੇ ਮਾਣਯੋਗ ਮਹਿਮਾਨਾਂ ਨੇ ਵਿਦਿਆਰਥੀਆਂ ਦਾ ਸੀ ਟੀ ਪਰਿਵਾਰ ਵਿੱਚ ਸਵਾਗਤ ਕਰਦਿਆਂ ਉਨ੍ਹਾਂ ਨੂੰ ਯੂਨੀਵਰਸਿਟੀ ਜੀਵਨ ਦੇ ਹਰ ਮੌਕੇ ਦਾ ਭਰਪੂਰ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।

ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਟੀਚਿਆਂ ਪ੍ਰਤੀ ਸਮਰਪਿਤ ਰਹਿਣ, ਨਵਾਚਾਰ ਨੂੰ ਅਪਣਾਉਣ ਅਤੇ ਉਤਕ੍ਰਿਸ਼ਟਤਾ ਹਾਸਲ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸੀ ਟੀ ਯੂਨੀਵਰਸਿਟੀ ਗੁਣਵੱਤਾ-ਭਰਪੂਰ ਸਿੱਖਿਆ, ਅਨੁਭਵਾਤਮਕ ਸਿਖਲਾਈ ਅਤੇ ਸਰਵਪੱਖੀ ਵਿਕਾਸ ਰਾਹੀਂ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਉਪਲਬਧੀਆਂ ਵਿੱਚ ਬਦਲਣ ਲਈ ਸ਼ਾਨਦਾਰ ਮਾਹੌਲ ਪ੍ਰਦਾਨ ਕਰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਅਰਥਪੂਰਨ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ।

ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੇ ਕੰਫਰਟ ਜ਼ੋਨ ਤੋਂ ਬਾਹਰ ਨਿਕਲ ਕੇ ਨਵੀਆਂ ਚੁਣੌਤੀਆਂ ਨੂੰ ਆਤਮਵਿਸ਼ਵਾਸ ਨਾਲ ਸਵੀਕਾਰ ਕਰਨ ਅਤੇ ਅਕਾਦਮਿਕ, ਸੱਭਿਆਚਾਰਕ ਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅਨੁਸ਼ਾਸਨ, ਨਿਰੰਤਰ ਮਿਹਨਤ ਅਤੇ ਹਰ ਰੋਜ਼ ਕੁਝ ਨਵਾਂ ਸਿੱਖਣ ਦੀ ਲਗਨ ਹੀ ਸਫਲਤਾ ਦੀ ਅਸਲ ਕੁੰਜੀ ਹੈ।

ਯੂਨੀਵਰਸਿਟੀ ਪ੍ਰਬੰਧਨ ਨੇ ਨਵਾਚਾਰ, ਖੋਜ, ਉਦਯਮਤਾ ਅਤੇ ਉਦਯੋਗ-ਕੇਂਦਰਿਤ ਸਿੱਖਿਆ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿਦਿਆਰਥੀਆਂ ਨੂੰ ਅਕਾਦਮਿਕ ਖੇਤਰ ਦੇ ਨਾਲ-ਨਾਲ ਖੇਡਾਂ, ਸੱਭਿਆਚਾਰਕ ਅਤੇ ਹੋਰ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਸਰਗਰਮ ਰਹਿਣ ਲਈ ਉਤਸ਼ਾਹਿਤ ਕੀਤਾ।

ਐਚਡੀਐਫਸੀ ਬੈਂਕ ਨੇ 'ਮੈਕਸ ਫਾਰ ਸੀਨੀਅਰਜ਼' ਅਤੇ 'ਮੈਕਸ ਫਾਰ ਹਰ' ਨਾਲ ਬਚਤ ਖਾਤੇ ਦੀਆਂ ਪੇਸ਼ਕਸ਼ਾਂ ਦਾ ਵਿਸਤਾਰ ਕੀਤਾ

ਜਲੰਧਰ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ, ਐਚਡੀਐਫਸੀ ਬੈਂਕ ਨੇ ਅੱਜ ਦੋ ਨਵੇਂ ਬਚਤ ਖਾਤੇ ਰੂਪ, 'ਮੈਕਸ ਫਾਰ ਸੀਨੀਅਰਜ਼' ਅਤੇ 'ਮੈਕਸ ਫਾਰ ਹਰ' ਲਾਂਚ ਕੀਤੇ। ਇਹ ਖਾਤੇ ਕ੍ਰਮਵਾਰ ਸੀਨੀਅਰ ਨਾਗਰਿਕਾਂ ਅਤੇ ਔਰਤਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਕਈ ਤਰ੍ਹਾਂ ਦੇ ਲਾਭ ਪੇਸ਼ ਕਰਦੇ ਹਨ। ਇਹ ਵਿਲੱਖਣ ਉਤਪਾਦ ਰੂਪ ਬੈਂਕ ਦੇ ਪ੍ਰਸਿੱਧ 'ਸੇਵਿੰਗਜ਼ ਮੈਕਸ ਅਕਾਊਂਟ' ਦੇ ਤਹਿਤ ਪੇਸ਼ ਕੀਤੇ ਜਾਂਦੇ ਹਨ, ਜੋ ਕਿ ਸਭ ਤੋਂ ਪ੍ਰਸਿੱਧ ਐਂਟਰੀ-ਲੈਵਲ ਬਚਤ ਖਾਤਿਆਂ ਵਿੱਚੋਂ ਇੱਕ ਹੈ। ਪੀਆਈਬੀ ਦੀ ਇੱਕ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ ਭਾਰਤ ਵਿੱਚ ਸੀਨੀਅਰ ਨਾਗਰਿਕ ਆਬਾਦੀ 2036 ਤੱਕ ਲਗਭਗ 230 ਮਿਲੀਅਨ (23 ਕਰੋੜ) ਤੱਕ ਪਹੁੰਚਣ ਦਾ ਅਨੁਮਾਨ ਹੈ, ਜੋ ਕੁੱਲ ਆਬਾਦੀ ਦਾ ਲਗਭਗ 15 ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ, ਔਰਤਾਂ ਵਰਤਮਾਨ ਵਿੱਚ ਸਾਰੇ ਬੈਂਕ ਖਾਤਿਆਂ ਦਾ 39.2 ਪ੍ਰਤੀਸ਼ਤ ਰੱਖਦੀਆਂ ਹਨ ਅਤੇ ਕੁੱਲ ਜਮ੍ਹਾਂ ਰਾਸ਼ੀ ਦਾ 39.7 ਪ੍ਰਤੀਸ਼ਤ ਯੋਗਦਾਨ ਪਾਉਂਦੀਆਂ ਹਨ। 'ਮੈਕਸ ਫਾਰ ਸੀਨੀਅਰਜ਼' ਅਤੇ 'ਮੈਕਸ ਫਾਰ ਹਰ' ਇਹਨਾਂ ਗਾਹਕ ਸਮੂਹਾਂ ਦੀਆਂ ਵਿਕਸਤ ਹੋ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਹਨ। ਇਹਨਾਂ ਵਿੱਚ ਕਈ ਉਦਯੋਗ-ਪਹਿਲੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ, ਜਿਵੇਂ ਕਿ ਸਾਈਬਰ ਧੋਖਾਧੜੀ ਕਵਰ, 1 ਲੱਖ ਰੁਪਏ ਤੱਕ ਦਾ ਹਸਪਤਾਲ ਵਿੱਚ ਭਰਤੀ ਕਵਰ, ਅਤੇ ਹੋਰ ਬਹੁਤ ਕੁਝ।

ਨਵੀਆਂ ਪੇਸ਼ਕਸ਼ਾਂ ਬਾਰੇ ਬੋਲਦੇ ਹੋਏ, ਸ਼੍ਰੀ ਆਸ਼ੀਸ਼ ਪਾਰਥਸਾਰਥੀ, ਗਰੁੱਪ ਹੈੱਡ (ਬ੍ਰਾਂਚ ਬੈਂਕਿੰਗ, ਭੁਗਤਾਨ, ਖਜ਼ਾਨਾ, ਦੇਣਦਾਰੀ ਉਤਪਾਦ, ਮਾਰਕੀਟਿੰਗ, ਵਰਚੁਅਲ ਚੈਨਲ ਅਤੇ ਬੁਨਿਆਦੀ ਢਾਂਚਾ), 8463 ਬੈਂਕ ਨੇ ਕਿਹਾ, ਜਿਵੇਂ-ਜਿਵੇਂ ਜੀਵਨਸ਼ੈਲੀ ਬਦਲਦੀ ਹੈ ਅਤੇ ਗਾਹਕਾਂ ਦੀਆਂ ਉਮੀਦਾਂ ਵਿਕਸਤ ਹੁੰਦੀਆਂ ਹਨ, ਬੈਂਕ ਵਿਭਿੰਨ ਗਾਹਕਾਂ ਦੀਆਂ ਵਿਲੱਖਣ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇੱਕ ਅਨੁਕੂਲਿਤ ਅਤੇ ਉੱਤਮ ਬੈਂਕਿੰਗ ਅਨੁਭਵ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਹੈ। ਇਹ ਨਵੇਂ ਉਤਪਾਦ ਸੁਰੱਖਿਆ, ਸਹੂਲਤ ਅਤੇ ਲੰਬੇ ਸਮੇਂ ਦੀ ਵਿੱਤੀ ਤੰਦਰੁਸਤੀ ਨੂੰ ਵਧਾਉਣ ਵਾਲੇ ਹੱਲ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹਨ। ਬਜ਼ੁਰਗ ਨਾਗਰਿਕਾਂ ਅਤੇ ਔਰਤਾਂ ਲਈ ਬੈਂਕ ਦੇ 'ਪ੍ਰੀਮੀਅਮ ਸਪੈਸ਼ਲ ਸੇਵਿੰਗਜ਼' ਸੂਟ ਦੇ ਤਹਿਤ, ਗਾਹਕ ਵਧੇ ਹੋਏ ਸਾਈਬਰ ਕਵਰ, ਵਿਸ਼ੇਸ਼ ਜੀਵਨ ਸ਼ੈਲੀ ਵਿਸ਼ੇਸ਼ ਅਧਿਕਾਰਾਂ ਅਤੇ ਉਨ੍ਹਾਂ ਦੇ ਸਮੁੱਚੇ ਬੈਂਕਿੰਗ ਅਨੁਭਵ ਨੂੰ ਵਧਾਉਣ ਲਈ ਤਿਆਰ ਕੀਤੇ ਗਏ ਕਈ ਵਾਧੂ ਲਾਭਾਂ ਦਾ ਲਾਭ ਲੈ ਸਕਦੇ ਹਨ।

ਵੱਖ-ਵੱਖ ਆਂਗਣਵਾੜੀ ਸੈਂਟਰਾਂ ਵਿੱਚ ਗੋਦ ਭਰਾਈ ਰਸਮ ਕਰਵਾਈ ਗਈ

ਮਲੇਰਕੋਟਲਾ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼

ਯਿਸੂ ਤੇ ਯੂਹੰਨਾ ਦੀ ਮੁਲਾਕਾਤ

ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।

(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)

ਇਕ ਬੀ.ਸੀ. (ਭਾਵ ਅੱਜ ਤੋਂ 2018 ਸਾਲ ਪਹਿਲਾਂ) ਦੌਰਾਨ ਗਰਮੀਆਂ ਦੀ ਰੁੱਤ ਵਿਚ ਜ਼ਕਰੀਆਹ ਅਤੇ ਐਲਿਜ਼ਾਬੈਥ ਆਪਣੇ ਪੁੱਤਰ ਜੌਨ (ਜਿਨ੍ਹਾਂ ਨੂੰ ਹਿੰਦੀ ਤੇ ਉਰਦੂ ਵਿਚ ਯੂਹੰਨਾ ਆਖਦੇ ਹਨ ਤੇ ਉਹੀ ਬਾਅਦ ਵਿਚ 'ਯੂਹੰਨਾ-ਬਪਤਿਸਮਾ ਦੇਣ ਵਾਲੇ' ਵੀ ਅਖਵਾਏ) ਯਿਸੂ ਮਸੀਹ ਦੇ ਪਰਿਵਾਰ ਨੂੰ ਮਿਲਣ ਲਈ ਨਾਸਰਤ ਪੁੱਜੇ। ਯਿਸੂ ਤੇ ਯੂਹੰਨਾ ਨੂੰ ਆਪਣੀ ਇਹ ਬਚਪਨ ਦੀ ਮੁਲਾਕਾਤ ਸਦਾ ਚੇਤੇ ਰਹੇ, ਉਨ੍ਹਾਂ ਦੋਵਾਂ ਦੇ ਮਾਪਿਆਂ ਨੇ ਆਪਣੇ ਪੁੱਤਰਾਂ ਦੇ ਭਵਿੱਖ ਬਾਰੇ ਕਾਫ਼ੀ ਵਿਚਾਰ-ਵਟਾਂਦਰਾ ਕੀਤਾ ਸੀ। ਬਾਲ ਯਿਸੂ ਤੇ ਬਾਲ ਯੂਹੰਨਾ ਤਦ ਘਰ ਦੀ ਛੱਤ 'ਤੇ ਕਾਫ਼ੀ ਸਮਾਂ ਖੇਡਦੇ ਰਹੇ ਸਨ (ਯੂਰੈਸ਼ੀਆ 123:3.4)

ਯੂਹੰਨਾ ਤਦ ਯੇਰੂਸਲੇਮ ਦੇ ਕੋਲ਼ ਹੀ ਰਹਿੰਦੇ ਸਨ। ਇਸੇ ਦੌਰਾਨ ਬਾਲ ਯਿਸੂ ਵਿਚ ਇਜ਼ਰਾਇਲ ਦਾ ਇਤਿਹਾਸ ਜਾਣਨ ਦੀ ਤੀਬਰ ਇੱਛਾ ਪੈਦਾ ਹੋਈ। ਤਦ ਉਨ੍ਹਾਂ ਸਬਤ (ਵਿਸ਼ਰਾਮ-ਦਿਵਸ) ਦੇ ਦਿਨ ਅਤੇ ਉਸ ਦੀਆਂ ਰੀਤਾਂ ਦੇ ਅਰਥ ਜਾਣੇ, ਧਾਰਮਿਕ ਸਥਾਨਾਂ 'ਤੇ ਉਪਦੇਸ਼ ਦੇਣ ਦੀਆਂ ਵਿਧੀਆਂ ਨੂੰ ਸਮਝਿਆ ਤੇ ਯਾਦਗਾਰੀ ਪ੍ਰੀਤੀ-ਭੋਜ (ਫ਼ੀਸਟ) ਦੇ ਮਹੱਤਵ ਨੂੰ ਵੀ ਜਾਣਿਆ। ਉਨ੍ਹਾਂ ਦੇ ਦੁਨਿਆਵੀ ਪਿਤਾ ਯੂਸਫ਼ ਨੇ ਵੀ ਉਨ੍ਹਾਂ ਨੂੰ ਇਹ ਸਾਰੀਆਂ ਗੱਲਾਂ ਵਿਸਥਾਰਪੂਰਬਕ ਸਮਝਾਈਆਂ ਤੇ ਉਨ੍ਹਾਂ ਨੂੰ ਉਸ ਵੇਲੇ ਦੇ ਪ੍ਰਚਲਿਤ ਸਾਰੇ ਤਿਉਹਾਰਾਂ ਬਾਰੇ ਦੱਸਿਆ (ਯੂਰੈਸ਼ੀਆ 123:3.5)

ਉਨ੍ਹੀਂ ਦਿਨੀਂ ਪਿਤਾ ਯੂਸਫ਼ ਤੇ ਮਾਂ ਮਰੀਅਮ ਨੂੰ ਇਕ ਸਮੱਸਿਆ ਦਾ ਸਾਹਮਣਾ ਵੀ ਕਰਨਾ ਪਿਆ ਤੇ ਉਹ ਬਾਲ ਯਿਸੂ ਨੂੰ ਲੈ ਕੇ ਕੁਝ ਫ਼ਿਕਰਮੰਦ ਹੋਣ ਲੱਗੇ। ਕਿਉਂਕਿ ਤਦ ਯਿਸੂ ਜਦ ਵੀ ਕਦੇ ਪ੍ਰਾਰਥਨਾ ਕਰਦੇ, ਤਾਂ ਇਹੋ ਆਖਦੇ ਸਨ ਕਿ ਉਹ ਸੁਰਗ ਵਿਚ ਰਹਿਣ ਵਾਲੇ ਆਪਣੇ ਪਿਤਾ ਨਾਲ ਗੱਲਾਂ ਕਰਨ ਜਾ ਰਹੇ ਹਨ। ਮਾਂ ਮਰੀਅਮ ਨੇ ਉਨ੍ਹਾਂ ਨੂੰ ਇਸ ਸਿਲਸਿਲੇ ਵਿਚ ਕੁਝ ਸਮਝਾਉਣ ਦਾ ਜਤਨ ਕੀਤਾ ਪਰ ਬਾਲ ਯਿਸੂ ਨੇ ਸਦਾ ਇਹੋ ਜਵਾਬ ਦਿੱਤਾ ਕਿ ਉਹ ਪ੍ਰਾਰਥਨਾ ਦਾ ਸਿਰਫ਼ ਇਹੋ ਤਰੀਕਾ ਜਾਣਦੇ ਹਨ ਅਤੇ ਉਹ ਉਸ ਸਮੇਂ ਪ੍ਰਚਲਿਤ ਪ੍ਰਾਰਥਨਾ ਦੇ ਢੰਗ ਤੋਂ ਕੁਝ ਵੱਖ ਤੇ ਹੋਰ ਤਰੀਕੇ ਨਾਲ ਹੀ ਪ੍ਰਾਰਥਨਾ ਕਰਦੇ ਰਹੇ (ਯੂਰੈਸ਼ੀਆ 123 : 3.8)

ਯਿਸੂ ਦੀ ਉਮਰ ਦੇ ਉਸੇ ਛੇਵੇਂ ਸਾਲ ਜੂਨ ਮਹੀਨੇ ਦੌਰਾਨ ਪਿਤਾ ਯੂਸਫ਼ ਨੇ ਨਾਸਰਤ ਵਿਖੇ ਮੌਜੂਦ ਆਪਣੀ ਦੁਕਾਨ ਆਪਣੇ ਭਰਾਵਾਂ ਹਵਾਲੇ ਕਰ ਦਿੱਤੀ ਤੇ ਖ਼ੁਦ ਇਕ ਬਿਲਡਰ ਦਾ ਕੰਮ ਕਰਨ ਲੱਗੇ। ਇਸੇ ਵਰ੍ਹੇ ਦੇ ਅੰਤ ਤਕ ਉਨ੍ਹਾਂ ਦੇ ਪਰਿਵਾਰ ਦੀ ਆਮਦਨ ਤਿੰਨ ਗੁਣਾ ਵਧ ਗਈ ਸੀ। ਫਿਰ ਪਿਤਾ ਯੂਸਫ਼ ਦੇ ਦੇਹਾਂਤ ਤਕ ਇਸ ਪਰਿਵਾਰ ਨੇ ਕਦੇ ਗ਼ਰੀਬੀ ਨਹੀਂ ਵੇਖੀ। ਪਰਿਵਾਰ ਦਾ ਵਧੇਰੇ ਖ਼ਰਚਾ ਯਾਤਰਾਵਾਂ ਤੇ ਸਿੱਖਿਆ ਹਾਸਲ ਕਰਨ ਉੱਤੇ ਹੁੰਦਾ ਸੀ। ਪਿਤਾ ਯੂਸਫ਼ ਦੀ ਆਮਦਨ ਜਿਵੇਂ-ਜਿਵੇਂ ਵਧਦੀ ਗਈ, ਉਂਝ ਹੀ ਉਨ੍ਹਾਂ ਦੇ ਖ਼ਰਚੇ ਵੀ ਵਧਦੇ ਗਏ (ਯੂਰੈਸ਼ੀਆ 123 : 3.7)

ਪਿਤਾ ਯੂਸਫ਼ ਨੇ ਕਾਨਾ, ਬੈਤਲਹੇਮ (ਗਲੀਲ ਦਾ), ਮੈਗਦਾਲਾ, ਨਾਇਨ, ਸੈਫ਼ੋਰਿਸ, ਕਫ਼ਰਨਹੂਮ ਤੇ ਐਂਡੋਰ ਸਮੇਤ ਨਾਸਰਤ ਆਲ਼ੇ-ਦੁਆਲ਼ੇ ਦੇ ਅਨੇਕ ਸਥਾਨਾਂ ਉੱਤੇ ਇਮਾਰਤ-ਉਸਾਰੀ ਦੇ ਕਾਰਜ ਵੱਡੇ ਪੱਧਰ ਉੱਤੇ ਕੀਤੇ। ਜਦੋਂ ਯਿਸੂ ਦੇ ਛੋਟੇ ਦੁਨਿਆਵੀ ਭਰਾ ਜੇਮਸ (ਯਾਕੂਬ) ਆਪਣੀ ਮਾਂ ਦੇ ਕੰਮ ਵਿਚ ਹੱਥ ਵੰਡਾਉਣ ਦੇ ਯੋਗ ਹੋ ਗਏ, ਤਾਂ ਯਿਸੂ ਆਪਣੇ ਪਿਤਾ ਦੇ ਨਾਲ ਆਲ਼ੇ-ਦੁਆਲ਼ੇ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਜਾਣ ਲੱਗੇ। ਯਿਸੂ ਨੇ ਆਪਣੀਆਂ ਉਨ੍ਹਾਂ ਨਿੱਕੀਆਂ-ਨਿੱਕੀਆਂ ਯਾਤਰਾਵਾਂ ਦੌਰਾਨ ਹੀ ਬਹੁਤ ਸਾਰਾ ਵਿਵਹਾਰਕ ਗਿਆਨ ਹਾਸਲ ਕੀਤਾ (ਯੂਰੈਸ਼ੀਆ 123:3.8)

ਬਾਲ ਯਿਸੂ ਨੇ ਇੰਨੀ ਨਿੱਕੀ ਜਿਹੀ ਉਮਰੇ ਹੀ ਆਪਣੇ ਅੰਦਰ ਮਜ਼ਬੂਤ ਭਾਵਨਾਵਾਂ ਪੈਦਾ ਕਰ ਲਈਆਂ ਸਨ। ਉਹ ਜਾਣਦੇ ਸਨ ਕਿ ਪਰਿਵਾਰਕ ਸਹਿਯੋਗ ਤੇ ਘਰ ਵਿਚ ਅਨੁਸ਼ਾਸਨ ਜਿਹੀਆਂ ਘਰੇਲੂ ਜ਼ਰੂਰਤਾਂ ਦੀ ਪੂਰਤੀ ਕਿਵੇਂ ਕੀਤੀ ਜਾ ਸਕਦੀ ਹੈ। ਮਾਂ ਮਰੀਅਮ ਅਸਲ ਵਿਚ ਬਹੁਤ ਹੀ ਜ਼ਿਆਦਾ ਅਨੁਸ਼ਾਸਨਿਕ ਸਨ। ਉਨ੍ਹਾਂ ਤੋਂ ਯਿਸੂ ਨੇ ਬਹੁਤ ਕੁਝ ਸਿੱਖਿਆ ਹੀ ਸੀ, ਸਗੋਂ ਪਿਤਾ ਨੇ ਵੀ ਉਨ੍ਹਾਂ ਨੂੰ ਇਹ ਸਾਰੀਆਂ ਗੱਲਾਂ ਬਹੁਤ ਧਿਆਨ ਨਾਲ ਸਮਝਾਈਆਂ ਸਨ (ਯੂਰੈਸ਼ੀਆ 123:3.9)

ਜਦੋਂ ਕਦੇ ਮਾਂ ਮਰੀਅਮ ਨੂੰ ਘਰ ਵਿਚ ਕੋਈ ਕੰਮ ਨਹੀਂ ਹੁੰਦਾ ਸੀ ਤਾਂ ਯਿਸੂ ਦਿਨ ਵਿਚ ਫੁੱਲਾਂ, ਪੌਦਿਆਂ ਤੇ ਰਾਤ ਨੂੰ ਤਾਰਿਆਂ ਦਾ ਅਧਿਐਨ ਕਰਦੇ ਸਨ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਬਹੁਤ ਦੇਰ ਤਕ ਤਾਰਿਆਂ ਨੂੰ ਪੂਰੇ ਗਹੁ ਨਾਲ ਵਾਚਦੇ ਰਹਿੰਦੇ ਸਨ (ਯੂਰੈਸ਼ੀਆ 123 : 3.10)

ਸੰਨ 1 ਈਸਵੀ ਵਿਚ ਯਿਸੂ ਸੱਤ ਵਰ੍ਹਿਆਂ ਦੇ ਹੋ ਗਏ ਸਨ। ਇਸੇ ਵਰ੍ਹੇ ਜਨਵਰੀ ਮਹੀਨੇ 'ਚ ਗਲੀਲ ਖੇਤਰ ਵਿਚ ਭਾਰੀ ਬਰਫ਼ਾਨੀ ਤੂਫ਼ਾਨ ਆਇਆ, ਚੁਫੇਰੇ ਦੋ-ਦੋ ਫੁੱਟ ਬਰਫ਼ ਵਿਖਾਈ ਦੇ ਰਹੀ ਸੀ। ਯਿਸੂ ਨੇ ਪਹਿਲਾਂ ਇੰਨੀ ਬਰਫ਼ਬਾਰੀ ਕਦੇ ਨਹੀਂ ਵੇਖੀ ਸੀ ਅਤੇ ਨਾਸਰਤ 'ਚ ਤਾਂ ਪਿਛਲੇ ਇਕ ਸੌ ਸਾਲਾਂ 'ਚ ਵੀ ਇੰਨੀ ਬਰਫ਼ਬਾਰੀ ਕਦੇ ਨਹੀਂ ਹੋਈ ਸੀ (ਯੂਰੈਸ਼ੀਆ 123 :4.1)

ਉਨ੍ਹੀਂ ਦਿਨੀਂ ਯਹੂਦੀ ਬੱਚਿਆਂ ਨੂੰ ਆਪਣੇ ਵੱਡਿਆਂ ਦੀ ਹਰੇਕ ਗਤੀਵਿਧੀ ਉੱਤੇ ਬਾਰੀਕੀ ਨਾਲ ਨਜ਼ਰ ਰੱਖਣ ਲਈ ਆਖਿਆ ਜਾਂਦਾ ਸੀ। ਇਸੇ ਲਈ ਬੱਚੇ ਜੇ ਕੋਈ ਖੇਡ ਖੇਡਦੇ ਸਨ, ਤਾਂ ਉਹ ਵੀ ਵਿਆਹ ਜਾਂ ਅਰਥੀ ਚੁੱਕਣ ਦੀਆਂ ਰਸਮਾਂ ਖੇਡਦੇ ਸਨ ਕਿਉਂਕਿ ਉਹ ਜ਼ਿਆਦਾਤਰ ਆਪਣੇ ਵੱਡਿਆਂ-ਬਜ਼ੁਰਗਾਂ ਨੂੰ ਅਜਿਹਾ ਕੁਝ ਕਰਦਿਆਂ ਤੇ ਅਜਿਹੇ ਰੀਤੀ-ਰਿਵਾਜ ਨਿਭਾਉਂਦਿਆਂ ਹੀ ਵੇਖਦੇ ਸਨ। ਉਹ ਨਾਚ-ਗਾਣਾ ਵੀ ਕਰਦੇ ਸਨ ਪਰ ਉਹ ਸਾਰੀਆਂ ਖੇਡਾਂ ਸੰਗਠਤ ਤੇ ਸਮੂਹਕ ਰੂਪ ਵਿਚ ਹੀ ਹੁੰਦੀਆਂ ਸਨ (ਯੂਰੈਸ਼ੀਆ 123:4.2)

ਅਨੁਵਾਦ -ਮਹਿਤਾਬ-ਉਦ-ਦੀਨ

ਇਤਿਹਾਸਕ ਗੁਰਦੁਆਰਾ ਟਾਹਲੀ ਸਾਹਿਬ

ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਦੋਰਾਂਗਲਾ ਅਧੀਨ ਆਉਂਦਾ ਇਤਿਹਾਸਕ ਪਿੰਡ ਗਾਹਲੜੀ ਆਪਣੀ ਮਿੱਟੀ ਵਿਚ ਵਿਸ਼ੇਸ਼ ਇਤਿਹਾਸ ਲੁਕਾਈ ਬੈਠਾ ਹੈ। ਇਸ ਪਵਿੱਤਰ ਨਗਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਮਾਣ ਹੈ। ਬਾਲ ਜਤੀ ਉਦਾਸੀਨ ਅਚਾਰੀਆ ਬਾਬਾ ਸ੍ਰੀ ਚੰਦ ਜੀ ਦਾ ਜਨਮ ਬਾਰੇ ਜਦੋਂ ਬੇਬੇ ਨਾਨਕੀ ਜੀ ਨੂੰ ਪਤਾ ਚੱਲਿਆ ਤਾਂ ਉਨ੍ਹਾਂ ਦੇ ਪੈਰ ਜ਼ਮੀਨ 'ਤੇ ਨਹੀਂ ਸੀ ਲੱਗ ਰਹੇ ਸਨ। ਉਹ ਆਪਣੇ ਪਿਤਾ ਕਾਲੂ ਜੀ ਨੂੰ ਕਹਿਣ ਲੱਗੀ ਕਿ, 'ਮੇਰੇ ਵੀਰ ਨਾਨਕ ਦੇ ਘਰ ਰੱਬੀ ਰੂਹ ਨੇ ਜਨਮ ਲਿਆ ਹੈ, ਬਾਪੂ ਤੂੰ ਭਾਗਾਂ ਵਾਲਾ ਏਂ, ਤੇਰਾ ਵੰਸ਼ ਅਮਰ ਹੋ ਗਿਆ ਹੈ। ਨਾਨਕੀ ਨੇ ਕਿਹਾ ਕਿ ਸ੍ਰੀ ਚੰਦ ਰਿਜ਼ਕ ਦਾਤਾ, ਰਿਧੀਆਂ ਸਿੱਧੀਆਂ ਦਾ ਭੰਡਾਰ ਹੈ। ਜਿਸ ਸਥਾਨ 'ਤੇ ਸ੍ਰੀ ਚੰਦ ਜੀ ਦੇ ਚਰਨ ਪੈਣਗੇ ਉਹ ਸਥਾਨ ਪੂਜਨ ਯੋਗ ਹੋ ਜਾਵੇਗੀ। ਜਿਸ ਕਾਰਨ ਨਾਨਕੀ ਜੀ ਦੇ ਕਹੇ ਸ਼ਬਦਾਂ ਕਾਰਨ ਅੱਜ ਪਿੰਡ ਗਾਹਲੜੀ ਸਥਿਤ ਗੁਰਦੁਆਰਾ ਟਾਹਲੀ ਸਾਹਿਬ ਪੂਜਨਯੋਗ ਹੈ।'

ਪੁਰਾਤਨ ਇਤਿਹਾਸ ਮੁਤਾਬਕ ਕਿਸੇ ਸਮੇਂ ਰਾਵੀ ਦਰਿਆ ਪਿੰਡ ਗਾਹਲੜੀ ਨਜ਼ਦੀਕ ਵਗਦਾ ਸੀ, ਜਿਸ ਦੇ ਤੇਜ਼ ਪਾਣੀ ਵਹਾਅ ਨਾਲ ਇਲਾਕੇ ਦੀਆਂ ਸੰਗਤਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਕ ਦਿਨ ਬਾਬਾ ਸ੍ਰੀ ਚੰਦ ਜੀ ਗਾਹਲੜੀ ਪਿੰਡ ਦੇ ਕੋਲੋਂ ਗੁਜਰ ਰਹੇ ਸਨ ਤਾਂ ਉਹ ਕੁੱਝ ਸਮਾਂ ਇਥੇ ਰੁਕੇ। ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਕਿ ਰਾਵੀ ਕਿਨਾਰੇ ਕੋਈ ਸਾਧੂ ਭੇਖ ਵਿਚ ਮਹਾਂਪੁਰਸ਼ ਰੁਕਿਆ ਹੋਇਆ ਹੈ। ਇਸ ਦੌਰਾਨ ਲੋਕ ਬਾਬਾ ਸ੍ਰੀ ਚੰਦ ਜੀ ਦੇ ਨਜ਼ਦੀਕ ਇਕੱਠੇ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਬਾਬਾ ਜੀ ਨੂੰ ਆਪਣੀਆਂ ਸਮੱਸਿਆਵਾਂ ਦੱਸਦਿਆਂ ਕਿਹਾ ਕਿ ਰਾਵੀ ਦਰਿਆ ਦਾ ਵਹਾਅ ਪਿੰਡ ਦੀ ਆਬਾਦੀ ਵੱਲ ਹੋਣ ਕਰਕੇ ਬਹੁਤ ਨੁਕਸਾਨ ਕਰਦਾ ਹੈ। ਬਾਬਾ ਸ੍ਰੀ ਚੰਦ ਜੀ ਵੱਲੋਂ ਲੋਕਾਂ ਦੀ ਫਰਿਆਦ ਸੁਣਨ ਤੋਂ ਬਾਅਦ ਰਾਵੀ ਦਰਿਆ ਵਿਚ ਖਲੋ ਕੇ ਬੇਨਤੀ ਕੀਤੀ ਗਈ।

ਦੱਸਿਆ ਜਾਂਦਾ ਹੈ ਕਿ ਉਸ ਦਿਨ ਤੋਂ ਬਾਅਦ ਰਾਵੀ ਦਰਿਆ ਦਾ ਵਹਾਅ ਆਬਾਦੀ ਵਾਲੇ ਇਲਾਕੇ 'ਚੋਂ ਬਹੁਤ ਦੂਰੀ 'ਤੇ ਚਲਾ ਗਿਆ। ਜਦੋਂ ਬਾਬਾ ਸ੍ਰੀ ਚੰਦ ਜੀ ਬਾਰਠ ਸਾਹਿਬ ਨੂੰ ਜਾਣ ਲੱਗੇ ਤਾਂ ਲੋਕਾਂ ਵੱਲੋਂ ਅਰਜ਼ ਕੀਤੀ ਗਈ ਕਿ ਬਾਬਾ ਜੀ ਇਸ ਸਥਾਨ ਨੂੰ ਵੀ ਕੋਈ ਆਪਣੀ ਚਮਤਕਾਰੀ ਸਕਤੀ ਨਾਲ ਇਤਿਹਾਸਕ ਬਣਾ ਦਿਉ, ਤਾਂ ਬਾਬਾ ਜੀ ਨੂੰ ਜਿਸ ਸਮੇਂ ਇਹ ਬੇਨਤੀ ਕੀਤੀ ਗਈ ਸੀ ਉਸ ਸਮੇਂ ਉਹ ਟਾਹਲੀ ਦੀ ਦਾਤਨ ਕਰ ਰਹੇ ਸਨ। ਉਨ੍ਹਾਂ ਉਸੇ ਸਮੇਂ ਹੀ ਦਾਤਨ ਨੂੰ ਗਾਹਲੜੀ ਦੀ ਬੇਜਾਨ ਧਰਤੀ 'ਤੇ ਗੱਡ ਦਿੱਤਾ ਤੇ ਕਿਹਾ ਕਿ ਇਹ ਸਥਾਨ ਬਹੁਤ ਪੂਜਣ ਯੋਗ ਹੋਵੇਗਾ।

ਇਸ ਸਥਾਨ 'ਤੇ ਕੋਈ ਵੀ ਵਿਅਕਤੀ ਆਪਣੀ ਮਨੋਕਾਮਨਾ ਪੂਰੀ ਕੀਤੇ ਬਿਨਾਂ ਵਾਪਸ ਖ਼ਾਲੀ ਹੱਥ ਨਹੀਂ ਜਾਵੇਗਾ। ਅੱਜ ਇਹ ਪਿੰਡ ਗਾਹਲੜੀ ਬਾਬਾ ਸ੍ਰੀ ਚੰਦ ਜੀ ਦੀ ਚਰਨਛੋਹ ਪ੍ਰਾਪਤ ਹੋਣ ਕਰਕੇ ਇਤਿਹਾਸਕ ਸਥਾਨ ਬਣ ਗਿਆ ਹੈ, ਜਿਸ ਦਾ ਨਾਮ ਬਾਬਾ ਸ੍ਰੀ ਚੰਦ ਗੁਰਦੁਆਰਾ ਟਾਹਲੀ ਸਾਹਿਬ ਦੇ ਨਾਂ ਨਾਲ ਪ੍ਰਚਲਤ ਹੈ। ਇਸ ਪਵਿਤਰ ਸਥਾਨ 'ਤੇ ਹਰ ਐਤਵਾਰ ਵੀ ਮੇਲੇ ਵਰਗਾ ਮਾਹੌਲ ਹੁੰਦਾ ਹੈ ਅਤੇ ਮੱਸਿਆ ਦਾ ਦਿਹਾੜਾ ਵੀ ਬੜੀ ਸਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

• ਰਾਕੇਸ਼ ਜੀਵਨ ਚੱਕ (ਦੋਰਾਂਗਲਾ)
ਮੋਬਾਈਲ 9855840585

ਮਹਾਨ ਤਪੱਸਵੀ ਬਾਬਾ ਸ੍ਰੀ ਚੰਦ ਜੀ

ਗਿਆਨੀ ਰਾਜਿੰਦਰ ਸਿੰਘ ਰਾਜਨ

ਪਠਾਨਕੋਟ ਤੋਂ 8 ਕਿਲੋਮੀਟਰ ਦੂਰ ਪੈਂਦਾ ਗੁਰਦੁਆਰਾ ਬਾਰਠ ਸਾਹਿਬ ਇਕ ਇਤਿਹਾਸਕ ਸਥਾਨ ਹੈ। ਜਿਸ ਨੂੰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਸਥਾਨ ਸਿੱਖ ਇਤਿਹਾਸ ਵਿਚ ਵੱਡੀ ਮਹਾਨਤਾ ਦਾ ਪ੍ਰਤੀਕ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਨੇ 62 ਸਾਲ ਤਪ ਕੀਤਾ। ਸਿੱਖ ਇਤਿਹਾਸ ਵਿਚ ਇਹ ਗੱਲ ਦਰਜ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਸਥਾਨ 'ਤੇ ਬਾਬਾ ਸ੍ਰੀ ਚੰਦ ਜੀ ਨੂੰ ਆਪਣੀ ਰਚੀ ਹੋਈ ਬਾਣੀ ਸੁਣਾਈ ਤੇ ਉਨ੍ਹਾਂ ਪ੍ਰਸੰਨ ਹੋ ਕੇ ਕਿਹਾ ਕਿ ਅੱਠ ਪਹਿਰਾਂ ਵਿਚ ਪ੍ਰਾਣੀ ਦੇ ਕੇਵਲ 24 ਹਜ਼ਾਰ ਸਵਾਸ ਚੱਲਦੇ ਹਨ। ਤੁਸੀਂ ਇਸ ਬਾਣੀ ਨੂੰ 24 ਅਸ਼ਟਪਦੀਆਂ ਵਿਚ ਇੰਨੇ ਹੀ 24 ਹਜ਼ਾਰ ਅੱਖਰਾਂ ਨਾਲ ਸੰਪੂਰਨ ਕਰੋ ਤਾਂ ਕਿ ਪ੍ਰੇਮ ਨਾਲ ਪੜ੍ਹਨ ਵਾਲਿਆਂ ਦੇ 8 ਪਹਿਰਾਂ ਵਿਚ ਦਿਨ ਰਾਤ ਦੇ ਸਾਰੇ ਸਵਾਸ ਸਫਲ ਹੋ ਜਾਇਆ ਕਰਨ। ਤਦ ਗੁਰੂ ਜੀ ਨੇ ਬੇਨਤੀ ਕੀਤੀ ਕਿ ਅੱਗੇ ਆਪ ਜੀ ਉਚਾਰਕੇ ਸੰਪੂਰਣਤਾ ਬਖਸ਼ੋ, ਪਰ ਉਨ੍ਹਾਂ ਫ਼ੁਰਮਾਇਆ ਕਿ ਗੁਰੂ ਨਾਨਕ ਪਿਤਾ ਜੀ ਵੱਲੋਂ ਬਾਣੀ ਉਚਾਰਣ ਦੀ ਸੇਵਾ ਤੁਹਾਡੇ ਜ਼ਿੰਮੇ ਲੱਗੀ ਹੈ ਅਤੇ ਗੱਦੀ-ਨਸ਼ੀਨ ਦੀ ਉਚਾਰੀ ਬਾਣੀ ਗੁਰੂ ਬਾਣੀ ਹੈ। ਗੁਰੂ ਜੀ ਦੇ ਜ਼ੋਰ ਦੇਣ 'ਤੇ ਬਾਬਾ ਸ੍ਰੀ ਚੰਦ ਜੀ ਨੇ 17ਵੀਂ ਅਸ਼ਟਪਦੀ ਦਾ ਮੁੱਢਲਾ ਸਲੋਕ ਜੋ 'ਸ੍ਰੀ ਜਪੁਜੀ' ਸਾਹਿਬ ਦੇ ਆਦਿ ਦਾ ਸੀ, ਸਿਰਫ ਬਿਹਾਰੀ ਦੀ ਥਾਂ ਦੋ ਵਾਰ ਸਿਹਾਰੀ ਬਦਲ ਕੇ ਇਉਂ ਸੁਣਾ ਦਿੱਤਾ 'ਆਦਿ ਸੱਚ ਜੁਗਾਦਿ ਸਚ॥ ਹੈ ਭੀ ਸੱਚ ਨਾਨਕ ਹੋਸੀ ਭਿ ਸਚੁ॥।

ਜ਼ਿਕਰਯੋਗ ਹੈ ਕਿ ਬਾਬਾ ਸ੍ਰੀ ਚੰਦ ਜੀ ਦਾ ਜਨਮ ਭਾਦੋਂ ਸੁਦੀ 9 ਸੰਮਤ 1551 ਬਿਕਰਮੀ ਨੂੰ ਮਾਤਾ ਸੁਲੱਖਣੀ ਜੀ ਦੀ ਕੁਖੋਂ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਨ੍ਹਾਂ ਦਾ ਪਾਲਣ ਪੋਸ਼ਣ ਬੇਬੇ ਨਾਨਕੀ ਨੇ ਕੀਤਾ। ਬਾਬਾ ਜੀ ਦੇ ਨਾਨਾ ਮੂਲ ਚੰਦ ਨੂੰ ਛੋਟੀ ਉਮਰ ਵਿਚ ਹੀ ਪਿੰਡ ਪੱਖੋਕੇ (ਡੇਰਾ ਬਾਬਾ ਨਾਨਕ) ਲੈ ਆਏ। ਉਹ ਛੋਟੀ ਉਮਰ ਵਿਚ ਹੀ ਪ੍ਰਭੂ ਚਰਨਾਂ ਅਤੇ ਭਜਨ ਬੰਦਗੀ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦੇ ਛੋਟੇ ਭਰਾ ਬਾਬਾ ਲਖਮੀ ਚੰਦ ਨੇ ਗ੍ਰਹਿਸਥ ਮਾਰਗ ਧਾਰਨ ਕੀਤਾ ਜਦ ਕਿ ਬਾਬਾ ਜੀ ਨੇ ਸੰਨਿਆਸ ਲੈ ਲਿਆ। ਆਪਣੇ ਭਰਾ ਲਖਮੀ ਚੰਦ ਤੇ ਭਰਜਾਈ ਦੇ ਪ੍ਰਲੋਕ ਗਮਨ ਕਰ ਜਾਣ ਪਿੱਛੋਂ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਤੋਂ ਪ੍ਰਾਪਤ ਕੀਤੇ ਆਸ਼ੀਰਵਾਦ ਨੂੰ ਯਾਦ ਕਰ ਅਕਾਸ਼ ਵੱਲ ਹੱਥ ਵਧਾਇਆ ਅਤੇ ਆਪਣੇ ਭਤੀਜੇ ਧਰਮ ਚੰਦ ਨੂੰ ਹੇਠਾਂ ਖਿੱਚ ਲਿਆ। ਭਤੀਜੇ ਦਾ ਪਾਲਣ ਪੋਸ਼ਣ ਦਾ ਕੰਮ ਮੁਸ਼ਕਿਲ ਵੇਖਦਿਆਂ ਬਾਬਾ ਜੀ ਨੇ ਗੁਰੂ ਨਾਨਕ ਦੇਵ ਦੇ ਪਿੰਡ ਬਾਰਠ ਵਿਖੇ ਰਹਿਣ ਦੀ ਤਿਆਰੀ ਕੀਤੀ।

ਬਾਰਠ ਵ

ਰੇਵਾੜੀ 'ਚ ਤਿੰਨ ਰੇਲਵੇ ਫਾਟਕਾਂ ਦੀ ਬਜਾਏ ਬਣੇਗਾ ਏਕੀਕ੍ਰਿਤ ਰੇਲਵੇ ਓਵਰਬ੍ਰਿਜ, ਆਵਾਜਾਈ ਹੋਵੇਗੀ ਸੌਖੀ ਅਤੇ ਸੁਰੱਖਿਅਤ

ਚੰਡੀਗੜ੍ਹ 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਅੱਜ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਵਿੱਚ ਰੇਵਾੜੀ ਜ਼ਿਲ੍ਹੇ ਵਿੱਚ ਸਥਿਤ ਤਿੰਨ ਰੁਝੇਵੇਂ ਵਾਲੇ ਰੇਲਵੇ ਲੇਵਲ ਕਰਾਸਿੰਗਾਂ ਦੀ ਥਾਂ ਉਤੇ ਏਕੀਕ੍ਰਿਤ ਰੇਲਵੇ ਓਵਰਬ੍ਰਿਜ ਦੀ ਉਸਾਰੀ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਅਹਿਮ ਪ੍ਰੋਜੈਕਟ ਤਹਿਤ ਸ਼ਹਿਰ ਵਿੱਚ ਲੰਬੇ ਸਮੇਂ ਤੋਂ ਰੇਲਵੇ ਫਾਟਕਾਂ ਕਾਰਨ ਲੱਗਣ ਵਾਲੇ ਜਾਮ ਦੀ ਸਮੱਸਿਆ ਦਾ ਪੱਕਾ ਹੱਲ ਯਕੀਨੀ ਹੋਵੇਗਾ ਅਤੇ ਆਵਾਜਾਈ ਵਧੇਰੇ ਆਸਾਨ, ਸੁਰੱਖਿਅਤ ਅਤੇ ਨਿਰਵਿਘਨ ਬਣੇਗੀ।

ਹਰਿਆਣਾ ਸਟੇਟ ਰੋਡਜ਼ ਐਂਡ ਬ੍ਰਿਜੇਜ਼ ਡਿਵੈਲਪਮੈਂਟ ਕਾਰਪੋਰੇਸ਼ਨ ਵੱਲੋਂ ਲਾਗੂ ਕੀਤੇ ਜਾਣ ਵਾਲੇ ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ 207.29 ਕਰੋੜ ਰੁਪਏ ਹੈ।

ਮੀਟਿੰਗ ਵਿੱਚ ਲੋਕ ਨਿਰਮਾਣ ਅਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਸ਼੍ਰੀ ਰਣਬੀਰ ਗੰਗਵਾ, ਵਿਭਾਗ ਦੇ ਵਾਧੂ ਮੁੱਖ ਸਕੱਤਰ ਸ਼੍ਰੀ ਅਪੂਰਵ ਕੁਮਾਰ ਸਿੰਘ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ਼੍ਰੀ ਅਰੁਣ ਕੁਮਾਰ ਗੁਪਤਾ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

ਇਸ ਪ੍ਰੋਜੈਕਟ ਦੇ ਪੂਰੇ ਹੋਣ ਤੋਂ ਬਾਅਦ ਰੇਲਵੇ ਫਾਟਕਾਂ ਦੇ ਵਾਰ-ਵਾਰ ਬੰਦ ਹੋਣ ਕਾਰਨ ਹੋਣ ਵਾਲੀ ਦੇਰੀ ਖ਼ਤਮ ਹ�ो ਜਾਵੇਗੀ ਅਤੇ ਵਾਹਨਾਂ ਦੀ ਆਵਾਜਾਈ ਬਿਨਾਂ ਕਿਸੇ ਰੁਕਾਵਟ ਦੇ ਸੰਚਾਰੂ ਢੰਗ ਨਾਲ ਹੋ ਹੋਵੇਗੀ। ਇਸ ਨਾਲ ਆਮ ਨਾਗਰਿਕਾਂ, ਵਿਦਿਆਰਥੀਆਂ, ਵਪਾਰੀਆਂ ਅਤੇ ਐਂਬੂਲੈਂਸ, ਫਾਇਰ ਬ੍ਰਿਗੇਡ ਵਰਗੀਆਂ ਐਮਰਜੈਂਸੀ ਸੇਵਾਵਾਂ ਨੂੰ ਵਿਸ਼ੇਸ਼ ਸਹੂਲਤ ਮਿਲੇਗੀ।

ਪ੍ਰੋਜੈਕਟ ਤਹਿਤ ਦੋ-ਲਾਈਨ ਅਤੇ ਚਾਰ-ਲਾਈਨ ਰੇਲਵੇ ਓਵਰਬ੍ਰਿਜ ਦੇ ਨਾਲ-ਨਾਲ ਲੋੜੀਂਦੀਆਂ ਥਾਵਾਂ 'ਤੇ ਰੋਡ ਅੰਡਰਬ੍ਰਿਜ, ਸਰਵਿਸ ਰੋਡ ਅਤੇ ਹੋਰ ਆਧੁਨਿਕ ਬੁਨਿਆਦੀ ਸਹੂਲਤਾਂ ਦੀ ਉਸਾਰੀ ਕੀਤੀ ਜਾਵੇਗੀ। ਇਸ ਨਾਲ ਸੜਕ ਅਤੇ ਰੇਲਵੇ ਆਵਾਜਾਈ ਪੂਰੀ ਤਰ੍ਹਾਂ ਵੱਖ ਹੋ ਜਾਵੇਗੀ, ਜਿਸ ਨਾਲ ਹਾਦਸਿਆਂ ਦੀ ਸੰਭਾਵਨਾ ਵਿੱਚ ਕਾਫ਼ੀ ਕਮੀ ਆਵੇਗੀ ਅਤੇ ਸੜਕ ਸੁਰੱਖਿਆ ਨੂੰ ਨਵੀਂ ਮਜ਼ਬੂਤੀ ਮਿਲੇਗੀ।

ਇਹ ਪ੍ਰੋਜੈਕਟ ਰੇਵਾੜੀ ਸ਼ਹਿਰ ਵਿੱਚ ਆਵਾਜਾਈ ਦੀ ਭੀੜ ਘਟਾਉਣ, ਯਾਤਰਾ ਦੇ ਸਮੇਂ ਅਤੇ ਵਾਹਨ ਚਲਾਉਣ ਦੇ ਖਰਚੇ ਵਿੱਚ ਕਮੀ ਲਿਆਉਣ ਅਤੇ ਖੇਤਰੀ ਸੰਪਰਕ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਇਸ ਦੇ ਨਾਲ ਹੀ, ਇਸ ਨਾਲ ਉਦਯੋਗਿਕ, ਵਪਾਰਕ ਅਤੇ ਸ਼ਹਿਰੀ ਵਿਕਾਸ ਨੂੰ ਵੀ ਨਵੀਂ ਰਫ਼ਤਾਰ ਮਿਲੇਗੀ, ਜਿਸ ਨਾਲ ਰੇਵਾੜੀ ਜ਼ਿਲ੍ਹੇ ਦੀਆਂ ਆਰਥਿਕ ਗਤੀਵਿਧੀਆਂ ਨੂੰ ਲੰਬੇ ਸਮੇਂ ਦਾ ਲਾਭ ਮਿਲੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਸਕੂਲ ਸਿੱਖਿਆ ਵਿਭਾਗ ਦੀ ਉੱਚ ਪੱਧਰੀ ਸਮੀਖਿਆ ਮੀਟਿੰਗ

ਚੰਡੀਗੜ੍ਹ 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਸੂਬਾ ਸਰਕਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਪੱਧਰ ਸੁਧਾਰਨ ਅਤੇ ਬਿਹਤਰ ਇਨਫਰਾਸਟਰਕਚਰ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਲੜੀ ਤਹਿਤ ਰਾਜ ਵਿੱਚ 150 ਸਰਕਾਰੀ ਸਕੂਲਾਂ ਦੀਆਂ ਨਵੀਆਂ ਇਮਾਰਤਾਂ ਵਿਕਸਿਤ ਕੀਤੀਆਂ ਜਾਣਗੀਆਂ, ਜੋ ਪੂਰੀ ਤਰ੍ਹਾਂ ਨਾਲ ਅੰਤਰਰਾਸ਼ਟਰੀ ਮਾਨਕਾਂ ਅਨੁਕੂਲ ਹੋਣਗੀਆਂ।

ਇਨ੍ਹਾਂ ਸਕੂਲਾਂ ਦੇ ਡਿਜ਼ਾਈਨ ਅਤੇ ਨਿਰਮਾਣ ਲਈ ਦੇਸ਼ ਦੇ ਮੋਹਰੀ ਰਾਜਾਂ ਅਤੇ ਪ੍ਰਤਿਸ਼ਠਿਤ ਸੰਸਥਾਵਾਂ ਦੇ ਸਰਵਸ਼ੇਠ ਮਾਡਲਾਂ ਅਤੇ ਮਾਹਰਾਂ ਦੇ ਮਾਰਗਦਰਸ਼ਨ ਦਾ ਸਹਿਯੋਗ ਲਿਆ ਜਾਵੇਗਾ।

ਮੁੱਖ ਮੰਤਰੀ ਸ਼ੁੱਕਰਵਾਰ ਦੇਰ ਸ਼ਾਮ ਚੰਡੀਗੜ੍ਹ ਸਥਿਤ ਆਪਣੇ ਸਰਕਾਰੀ ਨਿਵਾਸ 'ਸੰਤ ਕਬੀਰ ਕੁਟੀਰ' ਵਿੱਚ ਸਕੂਲ ਸਿੱਖਿਆ ਵਿਭਾਗ ਦੀ ਉੱਚ ਪੱਧਰੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਸੂਬੇ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਮੀਟਿੰਗ ਦੌਰਾਨ ਰਾਜ ਵਿੱਚ ਗੁਣਵੱਤਾ ਭਰਪੂਰ ਅਤੇ ਆਧੁਨਿਕ ਸਿੱਖਿਆ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਵਿਭਾਗ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਗਤੀਵਿਧੀਆਂ ਦੀ ਵਿਸਥਾਰ ਸਮੀਖਿਆ ਕੀਤੀ ਗਈ। ਖ਼ਾਸ ਤੌਰ 'ਤੇ ਸੂਬੇ ਦੇ 719 ਉੱਤਮ ਸਕੂਲਾਂ—ਜਿਨ੍ਹਾਂ ਵਿੱਚ ਸੰਸਕ੍ਰਿਤੀ ਮਾਡਲ ਸਕੂਲ, ਮੁੱਖ ਮੰਤਰੀ ਅਰਲੀ ਇੰਗਲਿਸ਼ ਐਂਡ ਐ???ਲੈਂਸ ਸਕੂਲ ਅਤੇ ਪੀਐੱਮ ਸ਼੍ਰੀ ਸਕੂਲ ਸ਼ਾਮਿਲ ਹਨ—ਦੇ ਸਮੁੱਚੇ ਵਿਕਾਸ ਅਤੇ ਮਜ਼ਬੂਤੀਕਰਨ 'ਤੇ ਵਿਸਥਾਰ ਨਾਲ ਚਰਚਾ ਹੋਈ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਸਾਰੇ ਸਕੂਲਾਂ ਵਿੱਚ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਪ੍ਰਾਥਮਿਕਤਾ ਦੇ ਆਧਾਰ 'ਤੇ ਉਪਲਬਧ ਕਰਵਾਈਆਂ ਜਾਣ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਨਵੀਆਂ ਇਮਾਰਤਾਂ ਦਾ ਨਿਰਮਾਣ, ਵਾਧੂ ਕਲਾਸਾਂ, ਵੱਖਰੇ ਪਖਾਨੇ, ਮਜ਼ਬੂਤ ਚਾਰਦੀਵਾਰੀ, ਖੇਡਾਂ ਦੇ ਮੈਦਾਨ, ਵਿਗਿਆਨ ਅਤੇ ਕੰਪਿਊਟਰ ਪ੍ਰਯੋਗਸ਼ਾਲਾਵਾਂ, ਡਿਜੀਟਲ ਲੈਬ, ਸਮਾਰਟ ਕਲਾਸਾਂ, ਲਾਇਬ੍ਰੇਰੀਆਂ, ਨਵਾਂ ਫਰਨੀਚਰ, ਟੈਬਲੈੱਟ ਅਤੇ ਹੋਰ ਆਧੁਨਿਕ ਸਿੱਖਿਆ ਸਰੋਤ ਸਮੇਂ ਸਿਰ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਨੇ ਵਿੱਤ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਵਿਕਾਸ ਕਾਰਜਾਂ ਲਈ ਬਜਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਾਰੇ ਨਿਰਮਾਣ ਕਾਰਜ ਜਲਦੀ ਪੂਰੇ ਕੀਤੇ ਜਾਣ।

ਆਧੁਨਿਕ ਤਕਨੀਕ ਅਤੇ ਏਆਈ ਅਧਾਰਿਤ ਹੋਵੇਗੀ ਸਿੱਖਿਆ

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਦਾ ਕਾਇਆਂ-ਕਲਪ ਕਰਦੇ ਹੋਏ ਉਨ੍ਹਾਂ ਵਿੱਚ ਉੱਚ ਗੁਣਵੱਤਾ ਦਾ ਫਰਨੀਚਰ, ਡਿਜੀਟਲ ਅਤੇ ਸਮਾਰਟ ਕਲਾਸਰੂਮ, ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅਧਾਰਿਤ ਸਿੱਖਿਆ ਸਹੂਲਤਾਂ, ਕਿੱਤਾਮੁਖੀ ਸਿੱਖਿਆ, ਅਤਿ-ਆਧੁਨਿਕ ਵਿਗਿਆਨ-ਕੰਪਿਊਟਰ ਪ੍ਰਯੋਗਸ਼ਾਲਾਵਾਂ ਅਤੇ ਡਿਜੀਟਲ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਿਹਤਰੀਨ ਸਿੱਖਿਆ ਮਾਹੌਲ ਉਪਲਬਧ ਕਰਵਾਉਣਾ ਹੈ, ਤਾਂ ਜੋ ਇਹ ਸਕੂਲ ਗੁਣਵੱਤਾ ਭਰਪੂਰ ਸਿੱਖਿਆ ਦੇ ਉੱਤਮ ਕੇਂਦਰ ਬਣਨ। ਇਹ 150 ਨਵੇਂ ਅਤੇ 719 ਉੱਤਮ ਸਕੂਲ ਰਾਜ ਦੇ ਹੋਰ ਸਾਰੇ ਸਕੂਲਾਂ ਲਈ ਪ੍ਰੇਰਣਾ ਸਰੋਤ ਅਤੇ ਰੋਲ ਮਾਡਲ ਵਜੋਂ ਸਥਾਪਿਤ ਹੋਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਸ ਅਭਿਲਾਸ਼ੀ ਯੋਜਨਾ ਨੂੰ ਸਮਾਂਬੱਧ ਢੰਗ ਨਾਲ ਲਾਗੂ ਕਰਕੇ ਹਰਿਆਣਾ ਨੂੰ ਸਕੂਲੀ ਸਿੱਖਿਆ ਦੇ ਖੇਤਰ ਵਿੱਚ ਦੇਸ਼ ਦਾ ਮੋਹਰੀ ਰਾਜ ਬਣਾਉਣ ਦੀ ਅਪੀਲ ਕੀਤੀ।

ਅਧਿਆਪਕਾਂ ਦੀ ਹੌਸਲਾਅਫਜ਼ਾਈ ਅਤੇ ਸਫ਼ਾਈ 'ਤੇ ਵਿਸ਼ੇਸ਼ ਜ਼ੋਰ

ਮੀਟਿੰਗ ਦੌਰਾਨ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਵੀ ਅਧਿਕਾਰੀਆਂ ਨੂੰ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਬਿਹਤਰ ਬਣਾਉਣ ਲਈ ਵਧੀਆ ਪ੍ਰਦਰਸ਼ਨ ਕਰਨ ਵਾਲੇ ਅਧਿਆਪਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਪ੍ਰੋਤਸਾਹਿਤ ਅਤੇ ਸਨਮਾਨਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਸਫ਼ਾਈ, ਪੀਣ ਵਾਲੇ ਪਾਣੀ ਦੇ ਪ੍ਰਬੰਧ ਅਤੇ ਸਾਫ਼-ਸਫ਼ਾਈ ਦੇ ਪੱਧਰ ਨੂੰ ਹੋਰ ਵੱਧ ਬਿਹਤਰ ਬਣਾਉਣ ਦੇ ਨਿਰਦੇਸ਼ ਦਿੱਤੇ।

ਮੀਟਿੰਗ ਵਿੱਚ ਸਕੂਲ ਸਿੱਖਿਆ ਵਿਭਾਗ ਦੇ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ, ਜਿਨ੍ਹਾਂ ਨੇ ਮੁੱਖ ਮੰਤਰੀ ਨੂੰ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਅਤੇ ਆਉਣ ਵਾਲੀਆਂ ਕਾਰਜ ਯੋਜਨਾਵਾਂ ਦੀ ਪ੍ਰਗਤੀ ਰਿਪੋਰਟ ਸੌਂਪੀ।

ਇਸ ਮੌਕੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਹਰਿਆਣਾ ਸਕੂਲ ਸਿੱਖਿਆ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਵਿਜੇ ਸਿੰਘ ਦਹੀਆ, ਮੁੱਖ ਮੰਤਰੀ ਦੇ ਡਿਪਟੀ ਪ੍ਰਿੰਸੀਪਲ ਸੈਕਟਰੀ ਸ੍ਰੀ ਯਸ਼ਪਾਲ ਯਾਦਵ, ਸੈਕੰਡਰੀ ਸਿੱਖਿਆ ਦੇ ਡਾਇਰਕਟਰ ਜਨਰਲ ਸ੍ਰੀ ਜਤਿੰਦਰ ਦਹੀਆ, ਡਾਇਰੈਕਟਰ ਸ਼੍ਰੀਮਤੀ ਮਨਿਤਾ ਮਲਿਕ, ਸਿੱਖਿਆ ਪ੍ਰੋਜੈਕਟ ਕੌਂਸਲ ਦੇ ਡਾਇਰੈਕਟਰ ਸ੍ਰੀ ਸਵਪਨਿਲ ਰਵਿੰਦਰ ਪਾਟਿਲ ਅਤੇ ਹੋਰ ਅਧਿਕਾਰੀ ਮੌਜੂਦ ਸਨ।

ਕੈਬਨਿਟ ਮੰਤਰੀ ਡਾ. ਰਵਜੋਤ ਵੱਲੋਂ ਪਿੰਡ ਪੰਡੋਰੀ ਬਾਵਾ ਦਾਸ ਵਿਖੇ ਪੀਣ ਵਾਲੇ ਪਾਣੀ ਦੀ ਟੈਂਕੀ ਦਾ ਉਦਘਾਟਨ

ਹੁਸ਼ਿਆਰਪੁਰ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜੇਲ੍ਹ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਕੈਬਿਨਟ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਸ਼ਾਮਚੁਰਾਸੀ ਹਲਕੇ ਦੇ ਪਿੰਡ ਪੰਡੋਰੀ ਬਾਵਾ ਦਾਸ ਵਿਖੇ ਕਰਵਾਈ ਗਈ 'ਲੋਕ ਮਿਲਣੀ' ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੌਕੇ 'ਤੇ ਹੀ ਕਈ ਮਸਲਿਆਂ ਦੇ ਹੱਲ ਲਈ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਪਿੰਡ ਵਾਸੀਆਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦਿਆਂ 50,000 ਲੀਟਰ ਸਮਰੱਥਾ ਵਾਲੀ ਪੀਣ ਵਾਲੇ ਪਾਣੀ ਦੀ ਨਵੀਂ ਟੈਂਕੀ ਦਾ ਵੀ ਉਦਘਾਟਨ ਕੀਤਾ ਗਿਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਪ੍ਰਾਜੈਕਟ ਨਾਲ ਪਿੰਡ ਦੇ ਲੋਕਾਂ ਨੂੰ ਸਾਫ਼ ਪੀਣ ਵਾਲੇ ਪਾਣੀ ਦੀ ਨਿਰੰਤਰ ਸਪਲਾਈ ਯਕੀਨੀ ਬਣੇਗੀ ਅਤੇ ਪਾਣੀ ਦੀ ਕਮੀ ਦੀ ਸਮੱਸਿਆ ਤੋਂ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਹੈ ਅਤੇ ਇਸ ਦਿਸ਼ਾ ਵਿੱਚ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਵੱਲੋਂ 'ਮੁੱਖ ਮੰਤਰੀ ਮੇਰੀ ਰਸੋਈ ਸਕੀਮ' ਅਧੀਨ ਲੋੜਵੰਦ ਪਰਿਵਾਰਾਂ ਨੂੰ ਸਮਾਰਟ ਕਾਰਡ ਅਤੇ ਰਾਸ਼ਨ ਕਿੱਟਾਂ ਵੀ ਵੰਡੀਆਂ ਗਈਆਂ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਯੋਗ ਅਤੇ ਲੋੜਵੰਦ ਪਰਿਵਾਰ ਸਰਕਾਰੀ ਭਲਾਈ ਸਕੀਮਾਂ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਮੇਰੀ ਰਸੋਈ ਸਕੀਮ' ਰਾਹੀਂ ਲੋੜਵੰਦ ਪਰਿਵਾਰਾਂ ਨੂੰ ਸਨਮਾਨ ਨਾਲ ਜ਼ਰੂਰੀ ਖੁਰਾਕੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ।ਕੈਬਨਿਟ ਮੰਤਰੀ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਕਿਸੇ ਵੀ ਸਮੱਸਿਆ ਸਬੰਧੀ ਬੇਝਿਜਕ ਆਪਣੇ ਨੁਮਾਇੰਦਿਆਂ ਜਾਂ ਪ੍ਰਸ਼ਾਸਨ ਨਾਲ ਸੰਪਰਕ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਸ਼ਾਮਚੁਰਾਸੀ ਹਲਕੇ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਹਰ ਪਿੰਡ ਵਿੱਚ ਲੋੜ ਅਨੁਸਾਰ ਵਿਕਾਸ ਕਾਰਜ ਜਾਰੀ ਰਹਿਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਪੰਚਾਇਤ ਨੁਮਾਇੰਦੇ, ਪਾਰਟੀ ਆਗੂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਪ੍ਰਧਾਨ ਮੰਤਰੀ ਵੱਲੋਂ ਨਸ਼ਾ ਮੁਕਤ ਯੁਵਾ ਫ਼ਾਰ ਵਿਕਸਿਤ ਭਾਰਤ ਸੰਕਲਪ ਅਭਿਆਨ ਦੀ ਸ਼ੁਰੂਆਤ

ਹੁਸ਼ਿਆਰਪੁਰ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜੇਐਨਵੀ ਹੁਸ਼ਿਆਰਪੁਰ ਵਿੱਚ 240 ਤੋਂ ਵੱਧ ਨੌਜਵਾਨਾਂ ਨੇ ਮਾਣਯੋਗ ਪ੍ਰਧਾਨ ਮੰਤਰੀ ਵੱਲੋਂ ਨਸ਼ਾ ਮੁਕਤ ਯੁਵਾ ਫ਼ਾਰ ਵਿਕਸਿਤ ਭਾਰਤ ਸੰਕਲਪ ਅਭਿਆਨ ਦੀ ਸ਼ੁਰੂਆਤ ਦਾ ਸਿੱਧਾ ਪ੍ਰਸਾਰਣ ਦੇਖਿਆ।ਹੁਸ਼ਿਆਰਪੁਰ ਵੱਲੋਂ ਆਯੋਜਿਤ ਇਸ ਕਾਰਜਕ੍ਰਮ ਵਿੱਚ ਵਿਦਿਆਰਥੀਆਂ ਅਤੇ ਸਵੈਛਿਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਕਾਰਜਕ੍ਰਮ ਨੂੰ ਸਫਲ ਬਣਾਇਆ।

ਇਹ ਅਭਿਆਨ ਨਸ਼ਾ ਮੁਕਤ ਭਾਰਤ ਦੇ ਵਿਜ਼ਨ ਤੋਂ ਪ੍ਰੇਰਿਤ ਹੈ ਅਤੇ ਨੌਜਵਾਨਾਂ ਨੂੰ ਨਸ਼ਾਮੁਕਤ ਸਮਾਜ ਬਣਾਉਣ ਲਈ ਇਕੱਠਾ ਕਰਨ ਦਾ ਉਦੇਸ਼ ਰੱਖਦਾ ਹੈ।ਕਾਰਜਕ੍ਰਮ ਦੌਰਾਨ ਨੌਜਵਾਨਾਂ ਨੇ ਪ੍ਰਧਾਨ ਮੰਤਰੀ ਜੀ ਦੇ ਸੰਬੋਧਨ ਨੂੰ ਧਿਆਨ ਨਾਲ ਸੁਣਿਆ, ਜਿਸ ਵਿੱਚ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ੇ ਦੇ ਖ਼ਿਲਾਫ਼ ਅਵਾਜ਼ ਉਠਾਉਣ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਸਭ ਨੇ ਮਿਲ ਕੇ ਨਸ਼ਾ ਮੁਕਤੀ ਦੀ ਸ਼ਪਥ ਲਈ ਅਤੇ ਨਸ਼ਾ ਮੁਕਤ ਅਤੇ ਵਿਕਸਿਤ ਭਾਰਤ ਦੀ ਨਿਰਮਾਣ ਲਈ ਆਪਣੀ ਵਚਨਬੱਧਤਾ ਦੁਹਰਾਈ।

ਇਹ ਪਹਲ ਲੰਬੇ ਸਮੇਂ ਲਈ ਨੌਜਵਾਨਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ

ਤਹਿਲਕਾ ਮੈਗਜ਼ੀਨ ਦੇ ਸੰਸਥਾਪਕ ਤਰੁਣ ਤੇਜਪਾਲ ਨੂੰ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ 10 ਸਾਲ ਕੈਦ ਦੀ ਸਜ਼ਾ

ਪ੍ਰੋਵੋਰਿਮ (ਗੋਆ), 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬੰਬੇ ਹਾਈ ਕੋਰਟ ਦੀ ਗੋਆ ਬੈਂਚ ਨੇ ਤਹਿਲਕਾ ਮੈਗਜ਼ੀਨ ਦੇ ਸੰਸਥਾਪਕ ਤਰੁਣ ਤੇਜਪਾਲ ਨੂੰ 2013 ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਇਸ ਮੌਕੇ ਤਰੁਣ ਤੇਜਪਾਲ ਨੇ ਕਿਹਾ, ਅਸੀਂ ਇਸ ਫ਼ੈਸਲੇ ਤੋਂ ਬਹੁਤ ਨਿਰਾਸ਼ ਹਾਂ। ਸਾਡਾ ਮੰਨਣਾ ਹੈ ਕਿ ਮਾਮਲੇ ਵਿਚ ਸਬੂਤਾਂ ਦੀ ਸਹੀ ਢੰਗ ਨਾਲ ਕਦਰ ਨਹੀਂ ਕੀਤੀ ਗਈ ਹੈ। ਸਾਡਾ ਮੰਨਣਾ ਹੈ ਕਿ ਮੈਨੂੰ ਦਸ ਵਾਰ ਸਪੱਸ਼ਟ ਤੌਰ 'ਤੇ ਬਰੀ ਕਰਨ ਲਈ ਕਾਫ਼ੀ ਸਬੂਤ ਹਨ... ਅਸੀਂ ਇਸ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰਾਂਗੇ... ਮੈਂ ਇਕ ਰਾਜਨੀਤਿਕ ਪੀੜਤ ਹਾਂ... ਇਹ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹੈ...।

ਧਰਨੇ ਪ੍ਰਦਰਸ਼ਨਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ ਨੌਜਵਾਨਾਂ ਦੀ ਨਿਰਾਸ਼ਾ: ਸੁਖਬੀਰ ਬਾਦਲ

ਪਟਿਆਲਾ, 5 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਅਕਾਲੀ ਦਲ ਤੋਂ ਬਿਨਾਂ ਹੋਰ ਕਿਸੇ ਵੀ ਪਾਰਟੀ ਦੀ ਸਰਕਾਰ 'ਤੇ ਨੌਜਵਾਨਾਂ ਦੀਆਂ ਇੱਛਾਵਾਂ ਪੂਰੀਆਂ ਨਾ ਕਰਨ ਦੇ ਦੋਸ਼ ਲਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਨੌਜਵਾਨਾਂ ਦੀ ਨਿਰਾਸ਼ਾ ਹੁਣ ਧਰਨੇ-ਪ੍ਰਦਰਸ਼ਨਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਉਹ ਅੱਜ ਇੱਥੇ ਪੰਜਾਬੀ ਯਨੀਵਰਸਿਟੀ ਵਿਖੇ ਐੱਸ.ਓ.ਆਈ. ਵੱਲੋਂ ਫਾਰਮੇਸੀ ਪੇਪਰ ਲੀਕ ਦੇ ਵਿਰੋਧ ਵਿੱਚ ਕੀਤੇ ਗਏ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਦਾ ਅਸਲ ਸਰਮਾਇਆ ਹਨ, ਪਰ ਮੌਜੂਦਾ ਹਕੂਮਤਾਂ ਇਨ੍ਹਾਂ ਨੂੰ ਸੰਭਾਲਣ ਵਿੱਚ ਨਾਕਾਮ ਰਹੀਆਂ ਹਨ, ਜੋ ਕਿ ਵੱਡੀ ਚਿੰਤਾ ਦਾ ਵਿਸ਼ਾ ਹੈ। ਐੱਸ.ਓ.ਆਈ. ਦੇ ਸੂਬਾ ਪ੍ਰਧਾਨ ਰਣਬੀਰ ਸਿੰਘ ਰਾਣਾ ਦੀ ਅਗਵਾਈ ਹੇਠ ਕੀਤੇ ਗਏ ਇਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਅੱਜ ਅਮਰੀਕਾ ਅਤੇ ਚੀਨ ਖੇਡਾਂ ਵਿੱਚ ਮੋਹਰੀ ਹਨ, ਪਰ ਅਸੀਂ ਆਪਣੇ ਨੌਜਵਾਨਾਂ ਨੂੰ ਅੱਗੇ ਵਧਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ। ਲੋਕਾਂ ਨੇ ਆਪਣੇ ਬੱਚਿਆਂ ਨੂੰ ਕੋਚਿੰਗ ਦੇਣ ਲਈ ਲੱਖਾਂ ਰੁਪਏ ਖਰਚ ਕੀਤੇ ਹਨ, ਪਰ ਪੇਪਰ ਲੀਕ ਹੋਣ ਕਾਰਨ ਵਿਦਿਆਰਥੀਆਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਉਨ੍ਹਾਂ ਦੀ ਇਹੀ ਨਿਰਾਸ਼ਾ ਹੁਣ ਵਿਰੋਧ ਪ੍ਰਦਰਸ਼ਨਾਂ ਰਾਹੀਂ ਬਾਹਰ ਆ ਰਹੀ ਹੈ।

ਬਾਦਲ ਨੇ ਅੱਗੇ ਕਿਹਾ ਕਿ ਮੌਜੂਦਾ ਸਰਕਾਰ ਹਰ ਖੇਤਰ ਵਿੱਚ ਫੇਲ੍ਹ ਸਾਬਤ ਹੋਈ ਹੈ, ਜਦਕਿ ਅਕਾਲੀ ਦਲ ਦੀ ਸਰਕਾਰ ਨੇ ਨੌਕਰੀਆਂ, ਪੈਨਸ਼ਨਾਂ, ਸਿੱਖਿਆ, ਉਦਯੋਗ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਸਭ ਤੋਂ ਵਧੀਆ ਕੰਮ ਕੀਤਾ ਸੀ। ਪਿਛਲੇ 10 ਸਾਲਾਂ ਵਿੱਚ ਪੰਜਾਬ ਵਿੱਚ ਨਾ ਤਾਂ ਕੋਈ ਨਵੀਂ ਯੂਨੀਵਰਸਿਟੀ ਖੁੱਲ੍ਹੀ ਹੈ ਅਤੇ ਨਾ ਹੀ ਕੋਈ ਉਦਯੋਗ ਆਇਆ ਹੈ। ਬਾਕੀ ਪਾਰਟੀਆਂ ਦਿੱਲੀ ਤੋਂ ਨਿਰਦੇਸ਼ ਲੈਂਦੀਆਂ ਹਨ ਅਤੇ ਅਸਲ ਵਿੱਚ ਭਗਵੰਤ ਮਾਨ ਨਹੀਂ ਸਗੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹਨ। ਇਸ ਸਰਕਾਰ ਵਿੱਚ ਆਮ ਆਦਮੀ ਦੀ ਕੋਈ ਸੁਣਵਾਈ ਨਹੀਂ ਹੁੰਦੀ ਅਤੇ ਜੇ ਕੋਈ ਆਪਣਾ ਹੱਕ ਮੰਗਦਾ ਹੈ ਤਾਂ ਉਸ ਦੀ ਕੁੱਟਮਾਰ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਦੂਜੀਆਂ ਸਿਆਸੀ ਪਾਰਟੀਆਂ ਲੋਕਾਂ ਨੂੰ ਜਾਤ ਅਤੇ ਧਰਮ ਦੇ ਨਾਮ 'ਤੇ ਵੰਡਦੀਆਂ ਹਨ, ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੀ ਹੈਰੀਟੇਜ ਸਟ੍ਰੀਟ, ਮੰਦਰਾਂ ਅਤੇ ਭਗਵਾਨ ਵਾਲਮੀਕਿ ਜੀ ਦੀ ਯਾਦਗਾਰ 'ਤੇ ਪੈਸਾ ਖਰਚ ਕੀਤਾ ਸੀ। ਅਕਾਲੀ ਸਰਕਾਰ ਨੇ ਹੀ ਥਰਮਲ ਪਲਾਂਟ ਲਗਾ ਕੇ ਪੰਜਾਬ ਨੂੰ ਬਿਜਲੀ ਸਰਪਲੱਸ ਸੂਬਾ ਬਣਾਇਆ ਸੀ। ਅਸੀਂ ਅੰਤਰਰਾਸ਼ਟਰੀ ਹਵਾਈ ਅੱਡਾ ਬਣਾ ਕੇ ਮੁਹਾਲੀ ਦਾ ਵਿਕਾਸ ਕੀਤਾ, ਮੈਰੀਟੋਰੀਅਸ ਸਕੂਲ ਬਣਾਏ ਅਤੇ ਨਵੇਂ ਉਦਯੋਗ ਲੈ ਕੇ ਆਏ। ਬਾਦਲ ਨੇ ਦਾਅਵਾ ਕੀਤਾ ਕਿ ਅਕਾਲੀ ਸਰਕਾਰ ਬਣਨ 'ਤੇ ਕਿਸੇ ਵੀ ਨੌਜਵਾਨ ਨੂੰ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ।

ਇਸ ਮੌਕੇ ਅਕਾਲੀ ਦਲ ਦੇ ਵਿੱਤ ਸਕੱਤਰ ਐੱਨ.ਕੇ. ਸ਼ਰਮਾ, ਐੱਸ.ਓ.ਆਈ. ਦੇ ਬਾਨੀ ਪ੍ਰਧਾਨ ਗੁਰਪ੍ਰੀਤ ਰਾਜੂਖੰਨਾ, ਸਾਬਕਾ ਮੇਅਰ ਅਮਰਿੰਦਰ ਬਜਾਜ, ਤੇਜਿੰਦਰਪਾਲ ਸੰਧੂ, ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਅਮਿਤ ਰਾਠੀ, ਕੁਲਦੀਪ ਝਿੰਜਰ, ਮਲਵਿੰਦਰ ਵੜੈਚ, ਬਿੱਟੂ ਚੱਠਾ, ਕਬੀਰ ਦਾਸ ਅਤੇ ਮੱਖਣ ਲਾਲਕਾ ਆਦਿ ਵੀ ਮੌਜੂਦ ਸਨ।

9 ਨੂੰ ਨਾਰਨੌਲ ਵਿੱਚ ਮੁੱਖ ਮੰਤਰੀ ਹਾਫ਼ ਮੈਰਾਥਨ ਨੂੰ ਹਰੀ ਝੰਡੀ ਦਿਖਾ ਕੇ ਕਰਨਗੇ ਰਵਾਨਾ

ਚੰਡੀਗੜ੍ਹ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਦੇ 'ਹਰਿਆਣਾ ਉਦੈ ਮੁਹਿੰਮ' ਤਹਿਤ ਕਮਿਊਨਿਟੀ ਪੁਲਿਸਿੰਗ ਅਤੇ ਆਊਟਰੀਚ ਪ੍ਰੋਗਰਾਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਮਹਿੰਦਰਗੜ੍ਹ (ਨਾਰਨੌਲ) ਵੱਲੋਂ 'ਰਾਜ ਪੱਧਰੀ ਹਾਫ ਮੈਰਾਥਨ 2026' ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਖਾਸ ਆਯੋਜਨ ਨੂੰ ਲੈ ਕੇ ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਸੂਬੇ ਦੇ ਨੌਜਵਾਨਾਂ, ਖਿਡਾਰੀਆਂ ਅਤੇ ਸਮੂਹ ਨਾਗਰਿਕਾਂ ਨੂੰ ਵਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਇਹ ਆਯੋਜਨ ਸਿਰਫ਼ ਇੱਕ ਮੈਰਾਥਨ ਦੌੜ ਨਹੀਂ ਹੈ, ਸਗੋਂ ਨੌਜਵਾਨਾਂ ਨੂੰ ਨਸ਼ੇ ਦੀ ਗੰਭੀਰ ਸਮੱਸਿਆ ਤੋਂ ਦੂਰ ਰੱਖਣ ਅਤੇ ਇੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨ ਵਾਲੀ ਇੱਕ ਮਹਾਂ-ਮੁਹਿੰਮ ਹੈ।

ਇਹ ਰਾਜ ਪੱਧਰੀ ਹਾਫ ਮੈਰਾਥਨ 9 ਅਗਸਤ, 2026 (ਐਤਵਾਰ) ਨੂੰ ਸਵੇਰੇ 07:00 ਵਜੇ ਆਯੋਜਿਤ ਕੀਤੀ ਜਾਵੇਗੀ। ਇਸ ਵਾਰ ਦੌੜ ਦੀ ਸ਼ੁਰੂਆਤ ਲਈ ਨੂਨੀ ਸ਼ੇਖਪੁਰਾ - ਸੈਕਟਰ ਮੋੜ (ਨਾਰਨੌਲ-ਮਹਿੰਦਰਗੜ੍ਹ ਰੋਡ) ਨੂੰ ਨਵਾਂ ਸਟਾਰਟਿੰਗ ਪੁਆਇੰਟ ਬਣਾਇਆ ਗਿਆ ਹੈ।

ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸ਼ਿਰਕਤ ਕਰਨਗੇ ਅਤੇ ਹਰੀ ਝੰਡੀ ਦਿਖਾ ਕੇ ਦੌੜਾਕਾਂ ਨੂੰ ਰਵਾਨਾ ਕਰਨਗੇ। ਆਜ਼ਾਦੀ ਦਿਹਾੜੇ ਦੇ ਪਵਿੱਤਰ ਮੌਕੇ ਨੂੰ ਧਿਆਨ ਵਿੱਚ ਰੱਖਦਿਆਂ ਇਸ ਮੈਰਾਥਨ ਦੀ ਵਿਸ਼ੇਸ਼ ਥੀਮ 'ਹਰ ਘਰ ਤਿਰੰਗਾ' ਰੱਖੀ ਗਈ ਹੈ।

ਭਾਗੀਦਾਰਾਂ ਦੇ ਉਤਸ਼ਾਹ ਵਧਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਕਰਸ਼ਕ ਨਕਦ ਇਨਾਮ ਅਤੇ ਸਨਮਾਨ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਵਿੱਚ 10 ਕਿਲੋਮੀਟਰ ਦੌੜ ਦੀ ਮਹਿਲਾ ਅਤੇ ਪੁਰਸ਼ ਦੋਵਾਂ ਸ਼੍ਰੇਣੀਆਂ ਲਈ ਪਹਿਲਾ ਇਨਾਮ 1,00,000 ਰੁਪਏ, ਦੂਜਾ ਇਨਾਮ 50,000 ਰੁਪਏ ਅਤੇ ਤੀਜਾ ਇਨਾਮ 25,000 ਰੁਪਏ ਤੈਅ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਸਾਰੇ ਉਮਰ ਵਰਗ ਲਈ ਆਯੋਜਿਤ 5 ਕਿਲੋਮੀਟਰ ਦੌੜ ਵਿੱਚ ਹਿੱਸਾ ਲੈਣ ਵਾਲੇ ਚੋਟੀ ਦੇ 3 ਜੇਤੂਆਂ ਨੂੰ ਮੁੱਖ ਮੰਤਰੀ ਜੀ ਵੱਲੋਂ ਟਰਾਫੀ ਪ੍ਰਦਾਨ ਕੀਤੀ ਜਾਵੇਗੀ, ਜਦੋਂ ਕਿ ਹਰੇਕ ਭਾਗੀਦਾਰ ਨੂੰ ਉਨ੍ਹਾਂ ਦੇ ਉਤਸ਼ਾਹ ਲਈ ਵਿਸ਼ੇਸ਼ ਮੈਡਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਸਕੂਲੀ ਬੱਚਿਆਂ ਲਈ ਵਿਸ਼ੇਸ਼ ਸਿਲੇਬਸ ਤਿਆਰ ਕਰਨ ਬਾਰੇ ਮਤਾ ਪਾਸ

ਚੰਡੀਗੜ੍ਹ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼ੁਰੂਆਤ ਦੌਰਾਨ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਧਾਇਕਾ ਸਰਵਜੀਤ ਕੌਰ ਮਾਨੂਕੇ ਤੇ ਸਵਾਲ ਦਾ ਜਵਾਬ ਦਿੰਦੀਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਗਰਾਉਂ ਸ਼ਹਿਰ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਸਾਲ 202627 ਦੌਰਾਨ 12.08 ਕਰੋੜ ਰੁਪਏ ਮਨਜੂਰ ਕੀਤੇ ਹਨ ਮਨਜੂਰ ਕੀਤੇ ਹਨ। ਉਹਨਾਂ ਕਿਹਾ ਕਿ ਇਸ ਕੰਮ ਦਾ ਟੈਂਡਰ ਲਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਇਹ ਕੰਮ ਇੱਕ ਸਾਲ ਵਿੱਚ ਮੁਕੰਮਲ ਕਰਵਾਇਆ ਜਾਵੇਗਾ।

ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਦੇ ਸਵਾਲ ਦਾ ਜਵਾਬ ਦਿੰਦਿਆ ਕਿਹਾ ਕਿ ਵਿਧਾਨ ਸਭਾ ਹਲਕਾ ਨਕੋਦਰ ਵਿੱਚ ਪਿੰਡ ਨੂਰਪੁਰ ਚੱਠਾ ਨੇੜੇ ਚਿੱਟੀ ਵੇਈ ਉੱਤੇ ਪੁੱਲ ਦੀ ਉਸਾਰੀ ਲਈ ਵਿਭਾਗ ਦਾ ਕੋਈ ਪ੍ਰਸਤਾਵ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪੇਂਡੂ ਪੁਲਾਂ ਦੀ ਉਸਾਰੀ ਪੰਜਾਬ ਮੰਡੀ ਬੋਰਡ ਵੱਲੋਂ ਕੀਤੀ ਜਾਂਦੀ ਹੈ ਜੇ ਪੰਜਾਬ ਮੰਡੀ ਬੋਰਡ ਵੱਲੋਂ ਜਲ ਸਰੋਤ ਵਿਭਾਗ ਤੋਂ ਕੋਈ ਐਨਓਸੀ ਦੀ ਮੰਗ ਕੀਤੀ ਜਾਂਦੀ ਹੈ ਤਾਂ ਇਸ ਤੇ ਬਿਨਾਂ ਕਿਸੇ ਦੇਰੀ ਤੋਂ ਜਾਰੀ ਕੀਤਾ ਜਾਵੇਗਾ। ਪਰ ਵਿਧਾਇਕਾਂ ਵੱਲੋਂ ਜਲ ਸਰੋਤ ਵਿਭਾਗ ਵੱਲੋਂ ਕਰਵਾਏ ਜਾਣ ਦੀ ਮੰਗ ਕਰਨ ਉੱਤੇ ਇਸ ਨੂੰ ਵਿਚਾਰਿਆ ਜਾਵੇਗਾ।

ਸਕੂਲੀ ਬੱਚਿਆਂ ਲਈ ਵਿਸ਼ੇਸ਼ ਸਿਲੇਬਸ ਤਿਆਰ ਕਰਨ ਬਾਰੇ ਮਤਾ ਪਾਸ

ਵਿਧਾਇਕ ਜਗਰੂਪ ਸਿੰਘ ਗਿੱਲ ਨੇ ਸਰਕਾਰੀ ਕਾਰੋਬਾਰ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ ਸਾਲ 2026-27 ਦੀ ਰਿਪੋਰਟ ਪੇਸ਼ ਕਰਦਿਆਂ ਅਹਿਮ ਖੁਲਾਸੇ ਕੀਤੇ। ਉਨ੍ਹਾਂ ਰਿਪੋਰਟ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਪੰਜਾਬ ਦੀਆਂ ਜੇਲ੍ਹਾਂ ਚ ਨਸ਼ਾ ਛੁਡਾਉਣ ਵਾਲੀ ਗੋਲੀ (ਜੀਭ ਵਾਲੀ ਗੋਲੀ) ਦੀ ਲਾਗਤ 8 ਗੁਣਾ ਵੱਧ ਗਈ ਹੈ। ਸਾਲ 2022 'ਚ ਜੇਲ੍ਹਾਂ 'ਚ 1.17 ਕਰੋੜ ਗੋਲੀਆਂ ਦੀ ਸਪਲਾਈ ਹੋਈ ਸੀ, ਜੋ ਕਿ ਸਾਲ 2026 ਚ ਵੱਧ ਕੇ ਲਾਗਤ 8.87 ਕਰੋੜ ਗੋਲੀਆਂ ਤੱਕ ਪਹੁੰਚ ਗਈ ਹੈ । ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਿਹਤ ਵਿਭਾਗ ਨੇ ਸਮੁੱਚੇ ਸੂਬੇ ਲਈ ਸਾਲ 2022 ਚ 7 ਕਰੋੜ ਨਸ਼ਾ ਛਡਾਊ ਗੋਲੀ ਦੀ ਖਰੀਦ ਕੀਤੀ ਗਈ ਅਤੇ ਸਾਲ 2025 ਚ 11 ਕਰੋੜ ਗੋਲੀਆਂ ਦੀ ਖਰੀਦ ਕੀਤੀ ਗਈ। ਲੰਘੇ ਸਾਢੇ ਚਾਰ ਸਾਲਾਂ ਵਿੱਚ ਪੰਜਾਬ ਚ 43.44 ਕਰੋੜ ਗੋਲੀ ਦੀ ਖਰੀਦ ਹੋਈ ਹੈ ।

ਕੁੜੀਆਂ ਬਾਰੇ ਵਰਤੀ ਭਾਸ਼ਾ ਨੂੰ ਲੈ ਕੇ ਮਾਫ਼ੀ ਮੰਗਣ ਅਸ਼ਵਨੀ ਸ਼ਰਮਾ: ਅਮਨ ਅਰੋੜਾ

ਕੈਬਿਨੇਟ ਮੰਤਰੀ ਅਮਨ ਅਰੋੜਾ ਨੇ ਸਦਨ 'ਚ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਕੁੜੀਆਂ ਬਾਰੇ ਵਰਤੀ ਭਾਸ਼ਾ ਨੂੰ ਲੈ ਕੇ ਮਾਫ਼ੀ ਮੰਗਣ ਲਈ ਕਿਹਾ। ਦੱਸਣਯੋਗ ਹੈ ਕਿ ਅਸ਼ਵਨੀ ਸ਼ਰਮਾ ਨੇ ਕੇਂਦਰੀ ਵਿਤਕਰੇ ਦੇ ਇਲਜਾਮਾਂ ਦੇ ਜਵਾਬ ਵਿੱਚ ਕਿਹਾ ਸੀ ਕਿ ਜੇ ਕਿਸੇ ਦੇ ਘਰ ਕੁੜੀ ਵੀ ਜੰਮ ਪਵੇ ਤਾਂ ਵੀ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਪਰ ਮੁੰਡਾ ਜੰਮਣ 'ਤੇ ਸਿਹਰਾ ਖ਼ੁਦ ਲੈ ਲਿਆ ਜਾਂਦਾ ਹੈ। ਇਸ 'ਤੇ ਅਮਨ ਅਰੋੜਾ ਨੇ ਕਿਹਾ ਕਿ ਅਸ਼ਵਨੀ ਸ਼ਰਮਾ ਦੀ ਮਾਨਸਿਕਤਾ ਵਿਤਕਰੇ ਵਾਲੀ ਹੈ। ਦੂਜੇ ਪਾਸੇ ਕਾਂਗਰਸ ਦੇ ਮੈਂਬਰਾਂ ਨੇ ਗੈਰ ਕਾਨੂੰਨੀ ਮਾਈਨਿੰਗ ਦੇ ਮੁੱਦੇ ਤੇ ਸਪੀਕਰ ਦੀ ਵੈੱਲ ਚ ਜਾ ਕੇ ਇਤਰਾਜ਼ ਜਤਾਇਆ ਗਿਆ, ਜਿਸ ਉਪਰੰਤ ਕਾਂਗਰਸ ਵੱਲੋਂ ਗੈਰ ਕਾਨੂੰਨੀ ਮਾਈਨਿੰਗ ਮਾਮਲੇ 'ਤੇ ਹਾਊਸ ਕਮੇਟੀ ਬਣਾਏ ਜਾਣ ਦੀ ਮੰਗ ਨੂੰ ਲੈ ਵਾਕਆਊਟ

ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਭਾਖੜਾ ਡੈਮ ਬਾਰੇ ਤੱਥ ਪੇਸ਼ ਕਰਦਿਆਂ ਕਿਹਾ ਕਿ ਡੈਮ ਦੇ ਝੁਕਣ ਨਾਲ ਪੰਜਾਬ ਨੂੰ ਕੋਈ ਖ਼ਤਰਾ ਨਹੀਂ ਹੈ। ਉਨ੍ਹਾਂ ਕਿਹਾ ਹੁਣ ਤੱਕ ਪਾਣੀ ਦੇ ਪ੍ਰੈਸ਼ਰ ਨਾਲ ਡੈਮ 25 ਵਾਰ ਝੁੱਕ ਚੁੱਕਿਆ ਹੈ । ਉਨ੍ਹਾਂ ਇਹ ਵੀ ਦੱਸਿਆ ਪਾਣੀ ਦਾ ਪ੍ਰੈਸ਼ਰ ਘਟਣ ਮਗਰੋਂ ਡੈਮ ਮੁੜ ਆਪਣੀ ਪੁਰਾਣੀ ਪੋਜੀਸ਼ਨ 'ਚ ਆ ਜਾਂਦਾ ਹੈ। ਬਰਿੰਦਰ ਕੁਮਾਰ ਗੋਇਲ ਨੇ ਅੱਜ ਮਾਈਨਿੰਗ ਦੇ ਹਵਾਲੇ ਨਾਲ ਦੱਸਿਆ ਕਿ ਪੰਜਾਬ 'ਚ 1986 ਚ ਸੋਨੇ ਦੇ ਭੰਡਾਰ ਮਿਲੇ ਸਨ, ਪਰ ਮੌਕੇ ਦੀਆਂ ਸਰਕਾਰਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਇਸ ਉਪਰੰਤ ਕੇਂਦਰੀ ਵਿਤਕਰੇ ਨੂੰ ਲੈ ਕੇ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਭਾਜਪਾ ਵਿਧਾਇਕ ਆਪਸ ਵਿੱਚ ਭਿੜ ਗਏ।

ਸਿਫਰ ਕਾਲ ਦੌਰਾਨ ਆਜ਼ਾਦ ਉਮੀਦਵਾਰ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਪਿੰਡਾਂ ਨੇੜੇ ਢਾਣੀਆ 'ਚ ਰਹਿੰਦੇ ਲੋਕਾਂ ਨੂੰ ਹਿਫ਼ਾਜ਼ਤ ਲਈ ਅਸਲਾ ਲਾਇਸੈਂਸ ਜਾਰੀ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪਿੰਡਾਂ ਤੋਂ ਬਾਹਰ ਖੇਤਾਂ ਚ ਰਹਿੰਦੇ ਲੋਕਾਂ ਨੂੰ ਗੈਂਗ ਨਿਸ਼ਾਨਾ ਬਣਾ ਰਹੇ ਹਨ। ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਚੰਗੇ ਕਿਰਦਾਰ ਵਾਲੇ ਲੋਕਾਂ ਨੂੰ ਲਾਇਸੈਂਸ ਮਿਲਣੇ ਚਾਹੀਦੇ ਹਨ। ਕੁਲਦੀਪ ਧਾਲੀਵਾਲ ਨੇ ਪਰਵਾਸੀ ਪੰਜਾਬੀਆਂ ਨੂੰ ਉਚੇਚੇ ਤੌਰ ਤੇ ਅਸਲਾ ਲਾਇਸੈਂਸ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਇਸ ਦੌਰਾਨ ਸਿਫ਼ਰ ਕਾਲ 24 ਮਿੰਟ 'ਚ ਹੀ ਖ਼ਤਮ ਕੀਤੇ ਜਾਣ ਕਾਂਗਰਸ ਨੇ ਕੀਤਾ ਇਤਰਾਜ਼ ਜ਼ਾਹਿਰ ਕੀਤਾ ।

ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਜਲਦ ਰੋਲ ਆਊਟ ਹੋਣਗੀਆਂ ਨਵੀਂਆਂ ਆਨਲਾਈਨ ਈ.ਟੀ.ਐਮ. ਮਸ਼ੀਨਾਂ: ਚੇਅਰਮੈਨ ਹਰਪਾਲ ਜਨੇਜਾ

ਪਟਿਆਲਾ, 5 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਸਰਕਾਰੀ ਸੇਵਾਵਾਂ ਦੇ ਸੰਪੂਰਨ ਕੰਪਿਊਟਰੀਕਰਨ ਅਤੇ ਡਿਜੀਟਲ ਸੁਧਾਰਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵੱਲੋ

ਪੰਜਾਬ ਬਦਲ ਰਿਹੈ ਅਤੇ ਮਿਆਰੀ ਸਿੱਖਿਆ ਬਣ ਰਹੀ ਹੈ ਇਸਦੀ ਪਛਾਣ: ਹਰਜੋਤ ਸਿੰਘ ਬੈਂਸ

➢ ਪੰਜਾਬ ਹੁਣ ਸਕੂਲ ਸਿੱਖਿਆ ਵਿੱਚ ਭਾਰਤ ਵਿੱਚ ਮੋਹਰੀ ਅਤੇ ਪਹਿਲੀ ਤੋਂ ਬਾਰ੍ਹਵੀਂ ਤੱਕ ਏ.ਆਈ. ਨੂੰ ਮੁੱਖ ਵਿਸ਼ੇ ਵਜੋਂ ਲਾਗੂ ਕਰਨ ਵਾਲਾ ਪਹਿਲਾ ਸੂਬਾ

➢ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਬਹਿਸ ਤੋਂ ਭੱਜੀ ਵਿਰੋਧੀ ਧਿਰ, ਪੰਜਾਬ ਨੂੰ ਬਦਨਾਮ ਕਰਨ ਲਈ ਕੀਤੀ ਜਾ ਰਹੀ ਹੈ ਸੌੜੀ ਰਾਜਨੀਤੀ

ਚੰਡੀਗੜ੍ਹ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਭਰ ਵਿੱਚ ਵਾਰ-ਵਾਰ ਪੇਪਰ ਲੀਕ ਹੋਣ ਅਤੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨਾਲ ਹੋ ਰਹੇ ਕੁਰਖ਼ਤ ਵਿਹਾਰ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਵਿੱਚ ਨਿੰਦਾ ਮਤੇ 'ਤੇ ਚਰਚਾ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਕਿਹਾ ਕਿ ਵਿਰੋਧੀ ਧਿਰ ਬਹਿਸ ਤੋਂ ਭੱਜ ਵੱਟ ਰਹੀ ਹੈ ਕਿਉਂਕਿ ਉਸ ਕੋਲ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਲਿਆਂਦੇ ਗਏ ਸਾਕਾਰਾਤਮਕ ਬਦਲਾਅ ਦਾ ਕੋਈ ਜਵਾਬ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਝੂਠੇ ਬਿਆਨਬਾਜ਼ੀ ਰਾਹੀਂ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਤੱਥ ਵੱਖਰੀ ਹੀ ਕਹਾਣੀ ਬਿਆਨ ਕਰਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਵਿੱਚ ਭਾਰਤ ਦਾ ਮੋਹਰੀ ਸੂਬਾ ਬਣ ਕੇ ਉਭਰਿਆ ਹੈ। ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਮੁੱਖ ਵਿਸ਼ੇ ਵਜੋਂ ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ, ਸਿੱਖਿਆ ਕ੍ਰਾਂਤੀ ਅਧੀਨ 882 ਸਰਕਾਰੀ ਸਕੂਲੀ ਵਿਦਿਆਰਥੀਆਂ ਨੇ ਨੀਟ-ਯੂਜੀ 2026 ਪਾਸ ਕੀਤੀ ਹੈ ਅਤੇ ਪਿਛਲੇ 4.5 ਸਾਲਾਂ ਵਿੱਚ ਇੱਕ ਵੀ ਪੇਪਰ ਲੀਕ ਨਾ ਹੋਣ ਦਾ ਰਿਕਾਰਡ ਕਾਇਮ ਰੱਖਿਆ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਪੰਜਾਬ ਬਦਲ ਰਿਹਾ ਹੈ ਅਤੇ ਮਿਆਰੀ ਸਿੱਖਿਆ ਇਸਦੀ ਪਛਾਣ ਬਣ ਰਹੀ ਹੈ।

ਵਿਧਾਨ ਸਭਾ ਵਿੱਚ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਹ ਵਿਰੋਧੀ ਧਿਰ ਵੱਲੋਂ ਉਠਾਏ ਗਏ ਹਰ ਸਵਾਲ ਦਾ ਜਵਾਬ ਦੇਣ ਲਈ ਸਦਨ ਵਿੱਚ ਡੱਟ ਕੇ ਖੜ੍ਹੇ ਹਨ। ਉਨ੍ਹਾਂ ਕਿਹਾ, ਮੈਂ ਕਾਨੂੰਨ ਦਾ ਵਿਦਿਆਰਥੀ ਰਿਹਾਂ। ਮੈਂ ਕੁਦਰਤੀ ਨਿਆਂ ਦੇ ਸਰਵਵਿਆਪੀ ਸਿਧਾਂਤ ਨੂੰ ਸਮਝਦਾ ਹਾਂ ਕਿ ਮਾੜੇ ਤੋਂ ਮਾੜੇ ਸਿਸਟਮ ਵਿੱਚ ਵੀ, ਕਿਸੇ ਨੂੰ ਸੁਣੇ ਬਿਨਾਂ ਸਜ਼ਾ ਨਹੀਂ ਦਿੱਤੀ ਜਾਂਦੀ। ਸਵਾਲ ਉਠਾਉਣਾ ਬਹੁਤ ਆਸਾਨ ਹੈ। ਮੈਂ ਇੱਥੇ ਵਿਰੋਧੀ ਧਿਰ ਨੂੰ ਜਵਾਬ ਦੇਣ ਲਈ ਖੜ੍ਹਾ ਹਾਂ।

ਇਸ ਰੈਕੇਟ ਬਾਰੇ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵੱਲੋਂ ਲਈ ਗਈ ਫਾਰਮੇਸੀ ਪ੍ਰੀਖਿਆ ਵਿੱਚ ਨਕਲ ਕਰਵਾਉਣ ਲਈ ਹਰਿਆਣਾ-ਅਧਾਰਤ ਨਕਲ ਸਿੰਡੀਕੇਟ ਨੇ ਆਧੁਨਿਕ ਮੋਬਾਈਲ ਫੋਨ, ਹਿਡਨ ਵਾਇਰਲੈੱਸ ਈਅਰਪੀਸ ਅਤੇ ਹੋਰ ਉੱਨਤ ਯੰਤਰਾਂ ਦੀ ਵਰਤੋਂ ਕੀਤੀ। ਉਨ੍ਹਾਂ ਕਿਹਾ, "ਇਹ ਪੇਪਰ ਲੀਕ ਨਹੀਂ ਸੀ। ਇਹ ਇੱਕ ਤਕਨਾਲੋਜੀ-ਅਧਾਰਤ ਨਕਲ ਦੀ ਕਾਰਵਾਈ ਸੀ ਜਿਸਨੂੰ ਪੰਜਾਬ ਪੁਲਿਸ ਨੇ ਬੇਨਕਾਬ ਕੀਤਾ। ਸਾਲਾਂ ਤੱਕ ਹਰਿਆਣਾ ਸਰਕਾਰ ਨੇ ਅੱਖਾਂ ਮੀਟੀ ਰੱਖੀਆਂ, ਜਦੋਂ ਕਿ ਇਸ ਸਿੰਡੀਕੇਟ ਨੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਤਬਾਹ ਕਰ ਦਿੱਤਾ।"

ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਸਲਾਹ ਦਿੱਤੀ ਕਿ ਉਹ ਰਾਜਨੀਤਿਕ ਏਜੰਡੇ ਤੋਂਅ ਕਰਨ ਲਈ ਪੰਜਾਬ ਆਉਣ ਤੋਂ ਪਹਿਲਾਂ ਆਪਣੇ ਇਲਾਕੇ 'ਤੇ ਧਿਆਨ ਦੇਣ। ਪੰਜਾਬ ਦੇ ਇਲਮ, ਜ਼ਜਬੇ ਅਤੇ ਕੁਰਬਾਨੀ ਦੀ ਅਮੀਰ ਵਿਰਾਸਤ ਨੂੰ ਯਾਦ ਕਰਦਿਆਂ ਮੰਤਰੀ ਹਰਜੋਤ ਸਿੰਘ ਬੈਂਸ

ਨੇ ਕਿਹਾ ਕਿ ਰਿਗਵੇਦ ਤੋਂ ਲੈ ਕੇ ਤਕਸ਼ਿਲਾ ਵਿਖੇ ਦੁਨੀਆ ਦੀ ਪਹਿਲੀ ਯੂਨੀਵਰਸਿਟੀ ਤੱਕ ਪੰਜਾਬ ਹਮੇਸ਼ਾ ਸਿੱਖਿਆ ਲਈ ਜ਼ਰਖੇਜ਼ ਜ਼ਮੀਨ ਰਿਹਾ ਹੈ। ਉਨ੍ਹਾਂ ਕਿਹਾ, "ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਸਿੱਖਿਆਵਾਂ ਤੱਕ ਅਸੀਂ ਦੁਨੀਆ ਨੂੰ ਬਰਾਬਰੀ ਅਤੇ ਸਿੱਖਿਆ ਦਾ ਸੰਦੇਸ਼ ਦਿੱਤਾ ਹੈ। ਸ਼ਹੀਦ ਭਗਤ ਸਿੰਘ ਤੋਂ ਲੈ ਕੇ ਜਿਨ੍ਹਾਂ ਨੇ ਸਾਨੂੰ ਤਾਨਾਸ਼ਾਹੀ ਸਰਕਾਰ 'ਤੇ ਸਵਾਲ ਉਠਾਉਣਾ ਸਿਖਾਇਆ, ਡਾ. ਹਰ ਗੋਬਿੰਦ ਖੁਰਾਨਾ ਜਿਨ੍ਹਾਂ ਨੇ ਨੋਬਲ ਪੁਰਸਕਾਰ ਜਿੱਤਿਆ, ਡਾ. ਨਰਿੰਦਰ ਸਿੰਘ ਕਪਾਨੀ ਜਿਨ੍ਹਾਂ ਨੇ ਦੁਨੀਆ ਨੂੰ ਫਾਈਬਰ ਆਪਟਿਕਸ ਦਿੱਤਾ, ਡਾ. ਗੁਰਤੇਜ ਸਿੰਘ ਸੰਧੂ ਜਿਨ੍ਹਾਂ ਨੇ ਸੈਮੀਕੰਡਕਟਰ ਮੈਮਰੀ ਵਿੱਚ ਕ੍ਰਾਂਤੀ ਲਿਆਂਦੀ, ਸਾਰੇ ਗੌਸ਼ਨ-ਦਿਮਾਗ ਸਪੂਤ ਇਸ ਮਿੱਟੀ ਦੇ ਹੀ ਜਾਏ ਹਨ।"

ਉਨ੍ਹਾਂ ਅੱਗੇ ਕਿਹਾ, "ਇਹ ਪੰਜਾਬ ਦੀ ਧਰਤੀ ਹੈ। ਇਹ ਸਾਡੀ ਵਿਰਾਸਤ ਹੈ। ਇਹ ਸਾਡਾ ਮਾਣ ਹੈ। ਅਸੀਂ ਕਿਸੇ ਨੂੰ ਵੀ ਇਸਨੂੰ ਬਦਨਾਮ ਕਰਨ, ਇਸ ਦੀ ਸ਼ਾਖ ਨੂੰ ਢਾਹ ਲਗਾਉਣ ਜਾਂ ਵਿਕਾਸ ਦੀ ਲੀਹ ਤੋਂ ਹੇਠਾ ਨਹੀਂ ਉਤਾਰਨ ਦੇਵਾਂਗੇ।"

ਸਿੱਖਿਆ ਕ੍ਰਾਂਤੀ ਪਹਿਲਕਦਮੀ ਤਹਿਤ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਨੇ ਅਕਾਦਮਿਕ ਨਤੀਜਿਆਂ ਵਿੱਚ ਨਵੇਂ ਮਾਪਦੰਡ ਸਥਾਪਤ ਕੀਤੇ ਹਨ।

ਉਨ੍ਹਾਂ ਸਦਨ ਨੂੰ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਕੁੱਲ 882 ਵਿਦਿਆਰਥੀਆਂ ਨੇ ਨੀਟ ਯੂਜੀ 2026 ਪਾਸ ਕੀਤੀ ਹੈ। ਸਾਲ 2024 ਵਿੱਚ ਇਹ ਗਿਣਤੀ 437 ਸੀ ਜੋ ਕਿ 100 ਫ਼ੀਸਦ ਤੋਂ ਵੱਧ ਦੇ ਵਾਧੇ ਨੂੰ ਦਰਸਾਉਂਦੀ ਹੈ।

ਰਾਸ਼ਟਰੀ ਪੱਧਰ 'ਤੇ ਹਾਸਲ ਕੀਤੀ ਮਾਨਤਾ ਨੂੰ ਉਜਾਗਰ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਸਾਲ 2020 ਵਿੱਚ ਪੰਜਾਬ ਸਕੂਲ ਸਿੱਖਿਆ ਪੱਖੋਂ 27ਵੇਂ ਸਥਾਨ 'ਤੇ ਸੀ, ਪਰ ਹੁਣ ਨੀਤੀ ਆਯੋਗ ਸਕੂਲ ਸਿੱਖਿਆ ਗੁਣਵੱਤਾ ਰਿਪੋਰਟ 2026 ਵਿੱਚ ਪੰਜਾਬ ਕੇਰਲਾ ਨੂੰ ਪਛਾੜ ਕੇ ਦੇਸ਼ ਦਾ ਮੋਹਰੀ ਸੂਬਾ ਬਣ ਗਿਆ ਹੈ।

ਉਨ੍ਹਾਂ ਸਦਨ ਨੂੰ ਦੱਸਿਆ ਕਿ ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸਨੇ ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਮੁੱਖ ਵਿਸ਼ੇ ਵਜੋਂ ਪੇਸ਼ ਕੀਤਾ ਹੈ। ਇਸ ਪਹਿਲਕਦਮੀ ਤਹਿਤ 25,172 ਸਕੂਲ ਅਤੇ ਲਗਭਗ 31.5 ਲੱਖ ਵਿਦਿਆਰਥੀ ਸ਼ਾਮਲ ਹੋਣਗੇ। ਇਸ ਵਿਸ਼ੇ ਲਈ ਸਿੰਗਾਪੁਰ, ਫਿਨਲੈਂਡ, ਯੂਏਈ ਅਤੇ ਸੰਯੁਕਤ ਰਾਜ ਅਮਰੀਕਾ ਦੇ ਬਿਹਤਰ ਅਭਿਆਸਾਂ ਦਾ ਅਧਿਐਨ ਕਰਨ ਉਪਰੰਤ ਪਾਠਕ੍ਰਮ ਤਿਆਰ ਕੀਤਾ ਗਿਆ ਹੈ।

ਸਿੱਖਿਆ ਵਿੱਚ ਸਰਕਾਰ ਦੇ ਨਿਵੇਸ਼ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਿੱਖਿਆ ਬਜਟ ਨੂੰ ਸਾਲ 2021-22 ਵਿੱਚ 12,657 ਕਰੋੜ ਰੁਪਏ ਤੋਂ ਵਧਾ ਕੇ ਸਾਲ 2026-27 ਵਿੱਚ 19,279 ਕਰੋੜ ਰੁਪਏ ਕੀਤਾ ਗਿਆ ਹੈ, ਜੋ ਕਿ 52 ਫ਼ੀਸਦ ਵਾਧੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, ਭਗਵੰਤ ਮਾਨ ਸਰਕਾਰ ਨੇ 3500 ਕਰੋੜ ਰੁਪਏ ਦੀ ਲਾਗਤ ਨਾਲ ਸਿੱਖਿਆ ਕ੍ਰਾਂਤੀ 2.0 ਮਿਸ਼ਨ ਵੀ ਸ਼ੁਰੂ ਕੀਤਾ ਹੈ ਅਤੇ 118 ਅਤਿ-ਆਧੁਨਿਕ ਸਕੂਲ ਆਫ਼ ਐਮੀਨੈਂਸ ਸਥਾਪਤ ਕੀਤੇ ਹਨ। ਪੰਜਾਬ ਬਦਲ ਰਿਹਾ ਹੈ ਅਤੇ ਮਿਆਰੀ ਸਿੱਖਿਆ ਇਸ ਦੀ ਪਛਾਣ ਬਣ ਰਹੀ ਹੈ।

ਪੇਪਰ ਲੀਕ ਦਾ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਦੇ ਪੱਖ ਵਿੱਚ ਨਿੱਤਰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਜੰਤਰ-ਮੰਤਰ ਅੰਦੋਲਨ ਨੂੰ ਨੀਤੀ ਵਿੱਚ ਬਦਲਾਅ ਲਈ ਜੈਨ ਜ਼ੀ ਦਾ ਅੰਦੋਲਨ ਦੱਸਿਆ ਅਤੇ ਪ੍ਰਦਰਸ਼ਨਕਾਰੀਆਂ ਨੂੰ ਰਾਸ਼ਟਰ ਵਿਰੋਧੀ ਦੱਸਣ ਵਾਲਿਆਂ ਦੀ ਕਰੜੀ ਆਲੋਚਨਾ ਕੀਤੀ।

ਪ੍ਰਦਰਸ਼ਨ ਵਾਲੀ ਥਾਂ 'ਤੇ ਆਪਣੀ ਫੇਰੀ ਬਾਰੇ ਗੱਲ ਕਰਦਿਆਂ, ਸਿੱਖਿਆ ਮੰਤਰੀ ਨੇ ਕਿਹਾ ਕਿ ਉਹ ਦੇਸ਼ ਦੇ ਇਕੱਲੇ ਸਿੱਖਿਆ ਮੰਤਰੀ ਸਨ ਜੋ ਵਿਦਿਆਰਥੀਆਂ ਨਾਲ ਖੜ੍ਹੇ ਸਨ। ਉਨ੍ਹਾਂ ਕਿਹਾ, "ਮੈਂ ਕਿਸੇ ਵੀ ਸਟੇਜ ਤੋਂ ਨਹੀਂ ਬੋਲਿਆ। ਮੈਂ ਵਿਦਿਆਰਥੀਆਂ ਵਿਚਕਾਰ ਬੈਠਾ ਸੀ। ਮੈਂ ਲਾਠੀਚਾਰਜ ਦੌਰਾਨ ਵੀ ਉਨ੍ਹਾਂ ਨਾਲ ਖੜ੍ਹਾ ਸੀ। ਕਿਉਂ? ਕਿਉਂਕਿ ਮੈਂ ਇਹ ਉਦੋਂ ਵੀ ਕਿਹਾ ਸੀ ਅਤੇ ਹੁਣ ਵੀ ਕਹਿੰਦਾ ਹਾਂ ਕਿ ਇਹ ਰਾਜਨੀਤੀ ਬਾਰੇ ਨਹੀਂ ਹੈ ਬਲਕਿ ਇਹ ਨੀਤੀ ਬਾਰੇ ਹੈ।"

ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਗੁਜਰਾਤ, ਮੱਧ ਪ੍ਰਦੇਸ਼, ਬਿਹਾਰ ਅਤੇ ਪੰਜਾਬ ਦੇ ਵਿਦਿਆਰਥੀ ਬੈਕਪੈਕ ਲੈ ਕੇ ਦਿੱਲੀ ਗਏ ਸਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਫੁੱਟਪਾਥਾਂ 'ਤੇ ਸੌਣਾ ਪਿਆ। ਉਨ੍ਹਾਂ ਕਿਹਾ, "ਇਹ ਵਿਦਿਆਰਥੀ ਦੇਸ਼ ਵਿਰੋਧੀ ਨਹੀਂ ਸਨ। ਪਰ ਸਾਡੇ ਦੇਸ਼ ਵਿੱਚ, ਇੱਕ ਬਿਰਤਾਂਤ ਬਣਾਇਆ ਗਿਆ ਹੈ ਕਿ ਜੋ ਵੀ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦਾ ਹੈ ਉਹ ਰਾਸ਼ਟਰ ਵਿਰੋਧੀ ਬਣ ਜਾਂਦਾ ਹੈ। ਇਨ੍ਹਾਂ ਵਿਦਿਆਰਥੀਆਂ ਨੇ ਉਸ ਝੂਠ ਨੂੰ ਬਦਲ ਦਿੱਤਾ ਹੈ। ਤੁਸੀਂ ਉਨ੍ਹਾਂ ਨੂੰ ਹੁਣ ਪੇਪਰ ਲੀਕ ਅਤੇ ਝੂਠ ਨਾਲ ਮੂਰਖ ਨਹੀਂ ਬਣਾ ਸਕਦੇ।"

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਸੰਦੇਸ਼ ਦਿੰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਲਈ ਮੁਆਫ਼ੀ ਮੰਗਣ ਦਾ ਸਮਾਂ ਆ ਗਿਆ ਹੈ ਨਾ ਕਿ ਮੁਆਫ਼ੀ ਦੀ ਉਮੀਦ ਕਰਨ ਦਾ। ਉਨ੍ਹਾਂ ਕਿਹਾ, "ਜਦੋਂ ਕਿਸੇ ਗਾਹਕ ਨੂੰ ਸੇਵਾ ਨਹੀਂ ਮਿਲਦੀ ਤਾਂ ਉਹ ਬੁਰਾ-ਭਲਾ ਕਹਿਣਗੇ। ਜਦੋਂ ਕਿਸੇ ਨਾਗਰਿਕ ਨੂੰ ਸਰਕਾਰ ਤੋਂ ਸੇਵਾ ਨਹੀਂ ਮਿਲਦੀ, ਤਾਂ ਉਹ ਵਿਰੋਧ ਕਰਨਗੇ। ਇਹ ਮਾਫ਼ ਕਰਨ ਦਾ ਸਮਾਂ ਨਹੀਂ ਹੈ, ਬਲਕਿ ਮੁਆਫ਼ੀ ਮੰਗਣ ਦਾ ਸਮਾਂ ਹੈ।"

ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਜੀਵਨੀ ਤੇ ਪੁਸਤਕ ਪ੍ਰਤੀਯੋਗਤਾ 30 ਅਗਸਤ ਨੂੰ

ਮਾਛੀਵਾੜਾ ਸਾਹਿਬ, 7 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ ਕਾਰਵਾਈ ਜਾ ਰਹੀ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਜੀਵਨੀ ਨਾਲ ਸਬੰਧਤ 17 ਵੀ ਪੁਸਤਕ ਪ੍ਰਤੀਯੋਗਤਾ ਦੇ ਬਾਰੇ ਅੱਜ ਅੰਬੇਡਕਰ ਚੌਕ ਸ਼੍ਰੀ ਮਾਛੀਵਾੜਾ ਸਾਹਿਬ ਵਿਖੇ ਮੀਟਿੰਗ ਹੋਈ ਏਸ ਮੀਟਿੰਗ ਵਿੱਚ ਜਾਣਕਾਰੀ ਸਾਂਝੀ ਕਰਦਿਆਂ ਬੇਗਮਪੁਰਾ ਟਾਈਗਰ ਫੋਰਸ ਦੇ ਸਮਰਾਲਾ ਪ੍ਰਧਾਨ ਬਲਵੀਰ ਚੰਦ,ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੁਆਰਾ ਦੱਸਿਆ ਗਿਆ ਕੇ ਮਿਤੀ 30 ਅਗਸਤ ਨੂੰ ਪ੍ਰਿੰਸੀਪਲ ਸ਼੍ਰੀਮਤੀ ਹਰਦੀਪ ਕੌਰ ਜੀ,ਪ੍ਰਿੰਸੀਪਲ ਸ਼੍ਰੀ ਨਿਰੰਜਨ ਸੁਖਮਨ ਜੀ ਅਤੇ ਪ੍ਰਿੰਸੀਪਲ ਦਵਿੰਦਰ ਸਿੰਘ ਜੀ ਦੇ ਅਤੇ ਸਕੂਲਾਂ ਦੇ ਹੋਰ ਸਟਾਫ ਮੈਂਬਰ ਸਹਿਬਾਨ ਦੇ ਸਹਿਯੋਗ ਸਦਕਾ ਦਿਨ ਐਤਵਾਰ ਨੂੰ ਲੜਕੀਆਂ ਦੀ ਪ੍ਰੀਖਿਆ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸ਼੍ਰੀ ਮਾਛੀਵਾੜਾ ਸਾਹਿਬ ਵਿਖੇ ਅਤੇ ਮੁੰਡਿਆ ਦੀ ਪ੍ਰੀਖਿਆ ਐਸ ਐਸ ਡੀ ਸੀਨੀਅਰ ਸੈਕੰਡਰੀ ਸਕੂਲ ਸ਼੍ਰੀ ਮਾਛੀਵਾੜਾ ਸਾਹਿਬ ਅਤੇ ਮਾਤਾ ਹਰਦੇਈਂ ਨੈਸ਼ਨਲ ਸਕੂਲ ਸ਼੍ਰੀ ਮਾਛੀਵਾੜਾ ਸਾਹਿਬ ਵਿਖੇ ਕਾਰਵਾਈ ਜਾ ਰਹੀ ਹੈ ਜਿਸ ਦਾ ਸਮਾਂ ਸਵੇਰੇ 10 ਵਜੇ ਤੋਂ 11 ਵਜੇ ਤੱਕ ਹੋਵੇਗਾ ਇਸ ਵਿੱਚ 17 ਵੇ ਐਡੀਸ਼ਨ ਦਾ ਪੇਪਰ ਕਰਵਾਇਆ ਜਾਵੇਗਾ।

ਜਿਸ ਦਾ ਨਤੀਜਾ ਮਿਤੀ 1 ਨਵੰਬਰ 2026 ਨੂੰ ਅੰਬੇਡਕਰ ਸਕੂਲ ਆਫ ਥੋਟ, ਪਿੰਡ ਡੱਲੇਵਾਲ ਨੜੇ ਗੁਰਾਇਆ ਜ਼ਿਲ੍ਹਾ ਜਲੰਧਰ ਵਿਖੇ ਐਲਾਨਿਆ ਜਾਵੇਗਾ ਜਿਸ ਵਿਚੋਂ ਬਣਾਏ ਗਏ ਤਿੰਨ ਗਰੁੱਪਾਂ ਵਿਚੋਂ ਪਹਿਲਾ ਗਰੁੱਪ ਜੋਕਿ ਕਲਾਸ 6ਵੀਂ ਤੋਂ ਕਲਾਸ 8ਵੀਂ ਤੱਕ ਦਾ ਹੈ ਵਿੱਚੋ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆ ਨੂੰ ਕ੍ਰਮਵਾਰ 25000,15000 ਅਤੇ 10000 ਦਾ ਨਗਦ ਇਨਾਮ ਦਿੱਤਾ ਜਾਵੇਗਾ ਅਤੇ ਦੂਜਾ ਗਰੁੱਪ ਕਲਾਸ 9ਵੀਂ ਤੋਂ ਕਲਾਸ 12ਵੀਂ ਤੱਕ ਅਤੇ ਤੀਜਾ ਗਰੁੱਪ ਕਲਾਸ 12ਵੀਂ ਤੋਂ 40 ਸਾਲ ਦੀ ਉਮਰ ਤੱਕ ਦਾ ਹੈ ਇਹਨਾਂ ਗਰੁੱਪਾਂ ਵਿੱਚੋ ਵੀਂ ਕਰਮਵਾਰ ਪਹਿਲੇ,ਦੂਜੇ ਨੰਬਰ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ 50000,20000 ਅਤੇ 10000 ਰੁਪਏ ਬਤੌਰ ਨਗਦ ਇਨਾਮ ਦਿੱਤਾ ਜਾਵੇਗਾ ਅਤੇ ਸਾਰੇ ਗਰੁੱਪਾਂ ਵਿਚੋਂ ਮੈਰਿਟ ਵਾਲੇ ਪਹਿਲੇ 255 ਵਿਦਿਆਰਥੀਆਂ ਨੂੰ 1000 ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸੈਂਟਰ ਟੋਪਰ ਨੂੰ 500 ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਸੁਖਦੇਵ ਬਿੱਟੂ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਟਰੱਸਟ,ਰਾਕੇਸ਼ ਕੁਮਾਰ ਸ਼ਿੰਦੂ ਸੈਕਟਰੀ ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਟਰੱਸਟ,ਨਿਰੰਜਨ ਸਿੰਘ ਨੂਰ,ਪਰਮਜੀਤ ਨੀਲੋਂ,ਭਾਵਾਧਸ ਆਗੂ ਧਰਮਵੀਰ ਪਾਮੋਂ,ਛਿੰਦਰਪਾਲ ਸਿੰਘ ਫੌਜੀ,ਹਰੀ ਰਾਮ ਗੁਰੂਗੜ੍ਹ,ਅਸ਼ਵਨੀ ਕੁਮਾਰ,ਗੁਰਨਾਮ ਸਿੰਘ,ਦਲਵੀਰ ਚੰਦ, ਕ੍ਰਿਸ਼ਨ ਲਾਲ,ਸੁਖਦੇਵ ਮਾਹੀ,ਸੂਰਜ ਕੁਮਾਰ,ਕੁਲਦੀਪ ਸਿੰਘ,ਚਰਨਜੀਤ ਸਿੰਘ,ਜਸਵੀਰ ਸਿੰਘ,ਸਵਰਨ ਸਿੰਘ ਮੌਜੂਦ ਹੋਏ ਇਹਨਾਂ ਸਾਰਿਆਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ,ਸਹਿਯੋਗ ਦੇਣ ਲਈ ਕਿਹਾ ਅਤੇ ਸਭਨਾ ਵੱਲੋਂ ਵੱਧ ਤੋਂ ਵੱਧ ਬੱਚਿਆ ਨੂੰ ਏਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਬੇਨਤੀ ਕੀਤੀ ਗਈ। ਹੋਰ ਜਾਣਕਾਰੀ ਲਈ 9914147276, 9876

ਆਜ਼ਾਦੀ ਦਿਹਾੜੇ ਨੂੰ ਲੈ ਕੇ 10 ਤੋਂ 17 ਅਗਸਤ ਤੱਕ ਚੱਲੇਗੀ 'ਹਰ ਘਰ ਤਿਰੰਗਾ' ਮੁਹਿੰਮ

ਕੌਮੀ ਪਤ੍ਰਿਕਾ

ਵਾਰਾਣਸੀ 7 ਅਗਸਤ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਸ਼ੁਰੂ ਕੀਤੀ ਗਈ ਹਰ ਘਰ ਤਿਰੰਗਾ ਮੁਹਿੰਮ ਨੂੰ ਵਿਆਪਕ ਜਨਤਕ ਭਾਗੀਦਾਰੀ ਨਾਲ ਉਤਸ਼ਾਹਿਤ ਕਰਨ ਲਈ ਉੱਤਰ ਪ੍ਰਦੇਸ਼ ਭਾਰਤੀ ਜਨਤਾ ਪਾਰਟੀ (ਭਾਜਪਾ) 10 ਤੋਂ 17 ਅਗਸਤ ਤੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗੀ। ਇਸ ਮੁਹਿੰਮ ਦੇ ਤਹਿਤ 10 ਤੋਂ 17 ਅਗਸਤ ਤੱਕ ਤਿਰੰਗਾ ਯਾਤਰਾਵਾਂ ਅਤੇ 11 ਤੋਂ 17 ਅਗਸਤ ਤੱਕ ਹਰ ਘਰ ਤਿਰੰਗਾ ਪ੍ਰੋਗਰਾਮ ਰਾਹੀਂ ਘਰਾਂ, ਅਦਾਰਿਆਂ, ਕਾਰੋਬਾਰਾਂ ਅਤੇ ਦਫਤਰਾਂ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਲਈ ਜਨਤਕ ਜਾਗਰੂਕਤਾ ਪੈਦਾ ਕੀਤੀ ਜਾਵੇਗੀ। ਇਸ ਮੁਹਿੰਮ ਦੀ ਸ਼ੁਰੂਆਤ 9 ਅਗਸਤ ਨੂੰ ਲਖਨਊ ਸਥਿਤ ਸੂਬਾਈ ਮੁੱਖ ਦਫ਼ਤਰ ਤੋਂ ਨਿਕਲਣ ਵਾਲੀ ਤਿਰੰਗਾ ਯਾਤਰਾ ਨਾਲ ਕੀਤੀ ਜਾਵੇਗੀ। ਸੋਮਵਾਰ ਸ਼ਾਮ ਨੂੰ ਰੋਹਨੀਆ ਸਥਿਤ ਪਾਰਟੀ ਦਫ਼ਤਰ ਵਿੱਚ ਹੋਈ ਮੀਟਿੰਗ ਤੋਂ ਬਾਅਦ ਭਾਜਪਾ ਦੇ ਖੇਤਰੀ ਪ੍ਰਧਾਨ ਅਸ਼ੋਕ ਚੌਰਸੀਆ ਨੇ ਕਿਹਾ ਕਿ ਹਰ ਘਰ ਤਿਰੰਗਾ ਮੁਹਿੰਮ ਸਿਰਫ਼ ਰਾਸ਼ਟਰੀ ਝੰਡਾ ਲਹਿਰਾਉਣ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਇਸਦਾ ਉਦੇਸ਼ ਹਰ ਭਾਰਤੀ ਵਿੱਚ ਤਿਰੰਗੇ ਪ੍ਰਤੀ ਸਤਿਕਾਰ, ਮਾਣ ਅਤੇ ਪਿਆਰ ਦੀ ਭਾਵਨਾ ਨੂੰ ਮਜ਼ਬੂਤ ??ਕਰਨਾ ਹੈ। ਉਨ੍ਹਾਂ ਵਰਕਰਾਂ ਨੂੰ ਇਸ ਨੂੰ ਵਿਆਪਕ ਜਨਤਕ

ਭਾਗੀਦਾਰੀ ਨਾਲ ਇੱਕ ਲੋਕ ਮੁਹਿੰਮ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੇ ਤਹਿਤ 4 ਅਤੇ 7 ਅਗਸਤ ਨੂੰ ਜ਼ਿਲ੍ਹਾ ਪੱਧਰੀ ਯੋਜਨਾ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ 7 ਅਗਸਤ ਨੂੰ ਡਿਵੀਜ਼ਨ ਪੱਧਰੀ ਯੋਜਨਾ ਮੀਟਿੰਗਾਂ ਪ੍ਰੋਗਰਾਮਾਂ ਦੀ ਰੂਪ-ਰੇਖਾ ਤਿਆਰ ਕਰਨ ਲਈ ਕੀਤੀਆਂ ਜਾਣਗੀਆਂ। 10 ਤੋਂ 12 ਅਗਸਤ ਤੱਕ ਹਰੇਕ ਮੰਡਲ ਅਤੇ ਮਹਾਂਨਗਰਾਂ ਦੇ ਵਾਰਡ ਪੱਧਰ 'ਤੇ ਇੱਕ ਤੋਂ ਦੋ ਕਿਲੋਮੀਟਰ ਲੰਬੀ ਤਿਰੰਗਾ ਯਾਤਰਾਵਾਂ ਦਾ ਆਯੋਜਨ ਕੀਤਾ ਜਾਵੇਗਾ। ਇਨ੍ਹਾਂ ਮਾਰਚਾਂ ਦੀ ਅਗਵਾਈ ਭਾਰਤੀ ਜਨਤਾ ਯੁਵਾ ਮੋਰਚਾ (ਬੀਜੇਵਾਈਐਮ) ਕਰੇਗਾ, ਜਦੋਂ ਕਿ ਮਹਿਲਾ ਮੋਰਚਾ ਸਮੇਤ ਪਾਰਟੀ ਦੇ ਸਾਰੇ ਮੋਰਚੇ ਅਤੇ ਸੈੱਲ ਹਿੱਸਾ ਲੈਣਗੇ। ਸ੍ਰੀ ਚੌਰਸੀਆ ਨੇ ਦੱਸਿਆ ਕਿ ਹਰ ਘਰ ਤਿਰੰਗਾ ਮੁਹਿੰਮ ਲਈ ਖੇਤਰੀ, ਜ਼ਿਲ੍ਹਾ ਅਤੇ ਮੰਡਲ ਪੱਧਰ 'ਤੇ ਟੀਮਾਂ ਬਣਾਈਆਂ ਗਈਆਂ ਹਨ। 13 ਤੋਂ 17 ਅਗਸਤ ਤੱਕ ਹਰ ਘਰ, ਅਦਾਰੇ, ਵਪਾਰਕ ਅਦਾਰੇ ਅਤੇ ਦਫ਼ਤਰ 'ਤੇ ਲੋਕਾਂ ਨੂੰ ਰਾਸ਼ਟਰੀ ਝੰਡਾ ਲਹਿਰਾਉਣ ਲਈ ਉਤਸ਼ਾਹਿਤ ਕਰਨ ਲਈ ਘਰ-ਘਰ ਜਾ ਕੇ ਮੁਹਿੰਮ ਚਲਾਈ ਜਾਵੇਗੀ। ਇਸ ਦੌਰਾਨ ਹਰੇਕ ਡਿਵੀਜ਼ਨ ਵਿੱਚ ਜੰਗੀ ਨਾਇਕਾਂ, ਸ਼ਹੀਦਾਂ ਦੇ ਪਰਿਵਾਰਾਂ ਅਤੇ ਦੇਸ਼ ਦੀ ਸੇਵਾ ਵਿੱਚ ਸਰਵਉੱਚ ਕੁਰਬਾਨੀ ਦੇਣ ਵਾਲੇ ਪੁਲਸ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 12 ਤੋਂ 17 ਅਗਸਤ ਤੱਕ ਆਜ਼ਾਦੀ ਸੰਗਰਾਮ ਨਾਲ ਜੁੜੇ ਸਮਾਰਕਾਂ, ਸ਼ਹੀਦ ਸਥਾਨਾਂ ਅਤੇ ਹੋਰ ਮਹੱਤਵਪੂਰਨ ਸਥਾਨਾਂ 'ਤੇ ਸਫ਼ਾਈ ਮੁਹਿੰਮ ਚਲਾਈ ਜਾਵੇਗੀ। ਮਹਾਨ ਪੁਰਸ਼ਾਂ ਅਤੇ ਸ਼ਹੀਦਾਂ ਨੂੰ ਉਨ੍ਹਾਂ ਦੇ ਬੁੱਤਾਂ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਵੀ ਦਿੱਤੀ ਜਾਵੇਗੀ। 13 ਅਗਸਤ ਨੂੰ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਤਿਰੰਗਾ ਯਾਤਰਾਵਾਂ ਦਾ ਆਯੋਜਨ ਕੀਤਾ ਜਾਵੇਗਾ। ਖੇਤਰੀ ਪ੍ਰਧਾਨ ਨੇ ਕਿਹਾ ਕਿ 17 ਅਗਸਤ ਨੂੰ, ਵੰਡ ਦੇ ਭਿਆਨਕ ਸਮਾਰਕ ਦਿਵਸ ਦੇ ਮੌਕੇ ਸਾਰੇ ਜ਼ਿਲ੍ਹਿਆਂ ਵਿੱਚ ਬੈਨਰਾਂ ਅਤੇ ਤਖ਼ਤੀਆਂ ਨਾਲ ਮੌਨ ਜਲੂਸ ਕੱਢੇ ਜਾਣਗੇ ਅਤੇ ਵੰਡ ਦੇ ਭਿਆਨਕਤਾ ਦੀਆਂ ਯਾਦਾਂ ਸਾਂਝੀਆਂ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਸੈਮੀਨਾਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ 17 ਅਗਸਤ ਨੂੰ ਆਜ਼ਾਦੀ ਦਿਵਸ ਦੇ ਜਸ਼ਨ ਬੂਥਾਂ, ਸ਼ਕਤੀ ਕੇਂਦਰਾਂ, ਮੰਡਲਾਂ ਅਤੇ ਇੱਥੋਂ ਤੱਕ ਕਿ ਹਰ ਘਰ ਵਿੱਚ ਵੀ ਮਨਾਏ ਜਾਣਗੇ। ਭਾਰਤੀ ਝੰਡਾ ਜ਼ਾਬਤੇ ਦੇ ਅਨੁਸਾਰ ਉਸੇ ਦਿਨ ਸ਼ਾਮ 4 ਵਜੇ ਤੋਂ ਬਾਅਦ ਰਾਸ਼ਟਰੀ ਝੰਡਾ ਪੂਰੇ ਸਤਿਕਾਰ ਨਾਲ ਝੁਕਾਇਆ ਜਾਵੇਗਾ।

ਇਲੈਕਟਰਾਨਿਕ ਚਿੱਪ ਯੂਨਿਟ 'ਚ ਭਿਆਨਕ ਅੱਗ, ਮਲਬਾ ਡਿੱਗਣ ਨਾਲ ਦੋ ਫਾਇਰਫਾਈਟਰਾਂ ਦੀ ਮੌਤ

ਨੋਇਡਾ 7 ਅਗਸਤ। ਨੋਇਡਾ ਦੇ ਇੱਕ ਉਦਯੋਗਿਕ ਖੇਤਰ ਵਿੱਚ ਇੱਕ ਇਲੈਕਟ?ਰਾਨਿਕ ਚਿੱਪ ਨਿਰਮਾਣ ਯੂਨਿਟ ਵਿੱਚ ਲੱਗੀ ਭਿਆਨਕ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦੇ ਸਮੇਂ ਮਲਬਾ ਉਨ੍ਹਾਂ 'ਤੇ ਡਿੱਗਣ ਨਾਲ ਦੋ ਫਾਇਰਫਾਈਟਰਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਪੁਲਸ

ਦੇ ਇੱਕ ਬੁਲਾਰੇ ਨੇ ਮੰਗਲਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਪੁਲਸ ਅਨੁਸਾਰ, ਇਹ ਘਟਨਾ ਸੋਮਵਾਰ ਦੇਰ ਰਾਤ ਈਕੋਟੈਕ-3 ਉਦਯੋਗਿਕ ਖੇਤਰ ਵਿੱਚ ਸਥਿਤ 9*79$ ਕੰਪਨੀ ਵਿੱਚ ਵਾਪਰੀ ਹੈ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਘੱਟੋ-ਘੱਟ ਛੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਪੁਲਸ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਅੱਗ ਬੁਝਾਉਂਦੇ ਸਮੇਂ ਫੈਕਟਰੀ ਦੇ ਅਹਾਤੇ ਵਿੱਚ ਇੱਕ ਕੰਧ ਅਤੇ ਇੱਕ ਲੋਹੇ ਦਾ ਬੀਮ ਅਚਾਨਕ ਢਹਿ ਗਿਆ, ਜਿਸ ਨਾਲ ਪੰਜ ਫਾਇਰਫਾਈਟਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਸਾਰੇ ਜ਼ਖਮੀਆਂ ਨੂੰ ਤੁਰੰਤ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ, ਜਿੱਥੇ ਫਾਇਰਫਾਈਟਰ ਰੋਹਿਤ ਯਾਦਵ ਅਤੇ ਤੀਰਥਪਾਲ ਸਿੰਘ ਨੇ ਦਮ ਤੋੜ ਦਿੱਤਾ। ਬੁਲਾਰੇ ਨੇ ਦੱਸਿਆ ਕਿ ਜ਼ਖਮੀ ਫਾਇਰਫਾਈਟਰ, ਰਾਜਪਾਲ ਸਿੰਘ, ਮਨੀਸ਼ ਕੁਮਾਰ ਅਤੇ ਅਮਿਤ ਕੁਮਾਰ ਖ਼ਤਰੇ ਤੋਂ ਬਾਹਰ ਹਨ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀਨੀਅਰ ਪੁਲਸ ਅਧਿਕਾਰੀ ਅਤੇ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ ਦੀ ਇੱਕ ਟੀਮ ਮੌਕੇ 'ਤੇ ਮੌਜੂਦ ਸੀ। ਪੁਲਸ ਅਨੁਸਾਰ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮਾਮਲੇ ਵਿੱਚ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਹਵਾ 'ਚ ਡੋਲ ਗਿਆ ਏਅਰ ਇੰਡੀਆ ਦਾ ਜਹਾਜ਼, ਲੱਗੇ ਜ਼ਬਰਦਸਤ ਝਟਕੇ, ਕਈ ਯਾਤਰੀ ਜ਼ਖ਼ਮੀ

ਨਵੀਂ ਦਿੱਲੀ 7 ਅਗਸਤ। ਏਅਰ ਇੰਡੀਆ ਦੀ ਫੁਕੇਟ (ਥਾਈਲੈਂਡ)-ਦਿੱਲੀ ਉਡਾਣ 192379 ਨੂੰ ਉਡਾਣ ਦੌਰਾਨ ਟਰਬੂਲੈਂਸ (ਤੇਜ਼ ਹਵਾ ਦੇ ਝਟਕਿਆਂ) ਦਾ ਸਾਹਮਣਾ ਕਰਨਾ ਪਿਆ। ਏਅਰਲਾਈਨ ਅਨੁਸਾਰ, ਕਰੂਜ਼ ਦੌਰਾਨ ਜਹਾਜ਼ ਦੀ ਉੱਚਾਈ 'ਚ ਕੁਝ ਸਮੇਂ ਲਈ ਤਬਦੀਲੀ ਆਈ ਪਰ ਪਾਇਲਟ ਨੇ ਸਥਿਤੀ ਸੰਭਾਲ ਲਈ ਅਤੇ ਜਹਾਜ਼ ਦੀ ਦਿੱਲੀ ਏਅਰਪੋਰਟ 'ਤੇ ਸੁਰੱਖਿਅਤ ਲੈਂਡਿੰਗ ਕਰਵਾਈ। ਏਅਰ ਇੰਡੀਆ ਨੇ ਦੱਸਿਆ ਕਿ ਜਹਾਜ਼ 'ਚ ਸਵਾਰ ਸਾਰੇ ਯਾਤਰੀ ਅਤੇ ਕਰੂ ਸੁਰੱਖਿਅਤ ਹਨ। ਫਿਲਹਾਲ ਕਿਸੇ ਦੇ ਗੰਭੀਰ ਰੂਪ ਨਾਲ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਹੈ। ਹਾਲਾਂਕਿ ਕੁਝ ਯਾਤਰੀਆਂ ਅਤੇ ਕਰੂ ਮੈਂਬਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਸਾਵਧਾਨੀ ਨਾਲ

ਏਅਰਪੋਰਟ ਸਥਿਤ ਮੈਡੀਕਲ ਸਹੂਲਤ 'ਚ ਜਾਂਚ ਅਤੇ ਇਲਾਜ ਲਈ ਭੇਜਿਆ ਗਿਆ ਹੈ। ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ ਕਿ ਯਾਤਰੀਆਂ ਅਤੇ ਕਰੂ ਦੀ ਸੁਰੱਖਿਆ ਕੰਪਨੀ ਦੀ ਸਰਵਉੱਚ ਪਹਿਲ ਹੈ। ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਮਦਦ ਦਿੱਤੀ ਜਾ ਰਹੀ ਹੈ ਅਤੇ ਘਟਨਾ ਦੀ ਜਾਂਚ 'ਚ ਸੰਬੰਧਤ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ।

ਵੈਸ਼ਨੋ ਦੇਵੀ 'ਨਕਲੀ ਚਾਂਦੀ' ਵਿਵਾਦ : ਜੰਮੂ ਦੀ ਕੋਰਟ ਨੇ ਜਾਂਚ ਰਿਪੋਰਟ ਕੀਤੀ ਤਲਬ

ਜੰਮੂ 7 ਅਗਸਤ। ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ 'ਚ ਸਥਿਤ ਸ਼?ਰੀ ਮਾਤਾ ਵੈਸ਼ਨੋ ਦੇਵੀ ਮੰਦਰ ਨਾਲ ਜੁੜੇ 500 ਕਰੋੜ ਰੁਪਏ ਦੀ 'ਨਕਲੀ ਚਾਂਦੀ' ਮਾਮਲੇ 'ਚ ਇਕ ਸਥਾਨਕ ਅਦਾਲਤ ਨੇ ਵਿਸਤ੍ਰਿਤ ਜਾਂਚ ਰਿਪੋਰਟ ਤਲਬ ਕੀਤੀ ਹੈ। ਨਾਲ ਹੀ, ਅਦਾਲਤ ਨੇ ਮਾਮਲੇ ਨਾਲ ਸੰਬੰਧਤ ਸਬੂਤਾਂ ਨੂੰ ਸੁਰੱਖਿਅਤ ਰੱਖਣ ਦੀ ਅਪੀਲ ਵਾਲੀ ਅਰਜ਼ੀ 'ਤੇ ਕਦਮ ਚੁੱਕਣ ਦੇ ਵੀ ਨਿਰਦੇਸ਼ ਦਿੱਤੇ ਹਨ। ਮੁੱਖ ਨਿਆਂਇਕ ਮੈਜਿਸਟ?ਰੇਟ (ਜੰਮੂ) ਮੁਨੀਸ਼ ਕੁਮਾਰ ਮਨਹਾਸ ਨੇ 29 ਜੁਲਾਈ ਨੂੰ ਇਹ ਆਦੇਸ਼ ਉਸ ਅਰਜ਼ੀ 'ਤੇ ਸੁਣਵਾਈ ਦੌਰਾਨ ਦਿੱਤਾ, ਜਿਸ ਨੂੰ ਐਡਵੋਕੇਟ ਦੀਪਕ ਸ਼ਰਮਾ ਨੇ ਦਾਇਰ ਕੀਤਾ ਸੀ। ਅਰਜ਼ੀ 'ਚ ਮਾਮਲੇ ਨਾਲ ਜੁੜੇ ਭੌਤਿਕ, ਦਸਤਾਵੇਜ਼ੀ ਅਤੇ ਇਲੈਕਟ?ਰਾਨਿਕ ਸਬੂਤਾਂ ਨੂੰ ਤੁਰੰਤ ਸੁਰੱਖਿਅਤ ਰੱਖਣ ਦੀ ਅਪੀਲ ਕੀਤੀ ਗਈ। ਇਸ ਤੋਂ ਪਹਿਲੇ, ਦੀਪਕ ਸ਼ਰਮਾ ਨੇ 9 ਮਈ ਨੂੰ ਪੁਲਸ ਡਾਇਰੈਕਟਰ ਜਨਰਲ (ਅਪਰਾਧ ਸ਼ਾਖਾ), ਜੰਮੂ ਅਤੇ ਸੀਨੀਅਰ ਪੁਲਸ ਸੁਪਰਡੈਂਟ (ਆਰਥਿਕ ਅਪਰਾਧ ਸ਼ਾਖਾ), ਜੰਮੂ ਦੇ ਸਾਹਮਣੇ ਇਕ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤ 'ਚ ਦੋਸ਼ ਲਗਾਇਆ ਗਿਆ ਸੀ ਕਿ ਸ਼ਰਧਾਲੂਆਂ ਵਲੋਂ ਸ਼?ਰੀ ਮਾਤਾ ਵੈਸ਼ਨੋ ਦੇਵੀ ਮੰਦਰ



'ਚ ਚੜ੍ਹਾਈ ਗਈ ਲਗਭਗ 20 ਟਨ ਚਾਂਦੀ 'ਚ ਮਿਲਾਵਟ, ਅਦਲਾ-ਬਦਲੀ, ਚੋਰੀ ਅਤੇ ਸੰਭਾਵਿਤ ਗਬਨ ਕੀਤਾ ਗਿਆ ਹੈ। ਉਨ੍ਹਾਂ ਨੇ ਇਸ ਚਾਂਦੀ ਦੀ ਅਨੁਮਾਨਤ ਕੀਮਤ ਲਗਭਗ 550 ਕਰੋੜ ਰੁਪਏ ਦੱਸੀ ਸੀ। ਅਰਜ਼ੀ ਨੂੰ ਰਿਕਾਰਡ 'ਤੇ ਲੈਂਦੇ ਹੋਏ ਸੀਜੇਐੱਮ ਨੇ ਪੁਲਸ ਡਿਪਟੀ ਸੁਪਰਡੈਂਟ (ਮਾਤਾ ਵੈਸ਼ਨੋ ਦੇਵੀ ਭਵਨ) ਨੂੰ ਨਿਰਦੇਸ਼ ਦਿੱਤਾ ਕਿ ਉਹ ਸਬੂਤ ਸੁਰੱਖਿਆ ਸੰਬੰਧੀ ਅਰਜ਼ੀ 'ਚ ਦੱਸੇ ਗਏ ਤੱਥਾਂ 'ਤੇ ਉਚਿਤ ਕਾਰਵਾਈ ਕਰਨ ਅਤੇ ਉਨ੍ਹਾਂ ਵਲੋਂ ਦਿੱਤੀ ਜਾ ਰਹੀ ਜਾਂਚ ਦੀ ਵਿਸਤ੍ਰਿਤ ਰਿਪੋਰਟ ਅਗਲੀ ਸੁਣਵਾਈ ਦੀ ਤਰੀਕ 18 ਅਗਸਤ ਨੂੰ ਅਦਾਲਤ 'ਚ ਪੇਸ਼ ਕਰਨ।

ਅੰਬਰਸਰੀਆਂ ਲਈ ਚੰਗੀ ਖਬਰ: ਮਾਨ ਸਰਕਾਰ ਨੇ ਦਿੱਤੀ 60 ਸੀਵਰੇਜ ਟਰੀਟਮੈਂਟ ਪਲਾਂਟ ਨੂੰ ਮਨਜ਼ੂਰੀ

ਚੰਡੀਗੜ੍ਹ 7 ਅਗਸਤ। ਸਾਲਾਂ ਤੋਂ ਅੰਮ੍ਰਿਤਸਰ ਦਾ ਸੀਵਰੇਜ ਸਿਸਟਮ ਇਸ ਪਵਿੱਤਰ ਸ਼ਹਿਰ ਦੀਆਂ ਲੋੜਾਂ ਮੁਤਾਬਕ ਪੂਰੀ ਤਰ੍ਹਾਂ ਸੁਚਾਰੂ ਸੇਵਾਵਾਂ ਪ੍ਰਦਾਨ ਕਰਨ ਨਹੀਂ ਜੂਝ ਰਿਹਾ ਸੀ। ਅਣਸੋਧਿਆ ਪਾਣੀ ਨਾਲ ਨਾਲੀਆਂ ਭਰੀਆਂ ਰਹਿੰਦੀਆਂ ਸਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਸ ਸਮੱਸਿਆ ਨਾਲ ਨਜਿੱਠਣ ਲਈ ਹੁਣ - ਅਮਰੁਤ 2.0 ਸਕੀਮ ਤਹਿਤ ਇਕ ਨਵੇਂ 60 ਐਮਐਲਡੀ (ਮਿਲੀਅਨ ਲੀਟਰ ਪ੍ਰਤੀ ਦਿਨ) ਸਮਰੱਥਾ ਦਾ ਸੀਵਰੇਜ ਟ?ਰੀਟਮੈਂਟ ਪਲਾਂਟ ਅਤੇ ਇਸ ਲਈ ਲੋੜੀਂਦੇ ਪੰਪਿੰਗ ਸਟੇਸ਼ਨ ਨੂੰ ਮਨਜ਼ੂਰੀ ਦਿੱਤੀ ਗਈ ਹੈ। ਟੈਂਡਰ ਪਹਿਲਾਂ ਹੀ ਜਾਰੀ ਹੋ ਚੁੱਕਾ ਹੈ ਅਤੇ ਅਗਸਤ 2026 ਵਿੱਚ ਬੰਦ ਹੋ ਜਾਵੇਗਾ, ਜਿਸ ਤੋਂ ਤੁਰੰਤ ਬਾਅਦ ਕੰਮ ਸ਼ੁਰੂ ਹੋ ਜਾਵੇਗਾ। ਇਸ ਪਲਾਂਟ ਦੇ ਤਿਆਰ ਹੋਣ ਬਾਅਦ ਅੰਮ੍ਰਿਤਸਰ ਸ਼ਹਿਰ ਦੀ ਸੀਵਰੇਜ ਟ?ਰੀਟਮੈਂਟ ਸਮਰੱਥਾ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ, ਪੁਰਾਣੇ, ਓਵਰਲੋਡ ਸਿਸਟਮ ਤੋਂ ਦਬਾਅ ਘਟੇਗਾ ਅਤੇ ਅਨਟ?ਰੀਟਡ ਡਿਸਚਾਰਜ ਵਿੱਚ ਕਮੀ ਆਵੇਗੀ। ਇਸ ਪਲਾਂਟ ਰਾਹੀਂ ਵੇਸਟ ਨੂੰ ਬਾਇਓ-ਸੀਐਨਜੀ ਵਿੱਚ ਵੀ ਬਦਲਿਆ ਜਾਵੇਗਾ, ਜਿਸ ਨਾਲ ਸਾਫ਼, ਗਰੀਨ ਊਰਜਾ ਸ਼ਹਿਰ ਵਿੱਚ ਹੀ ਤਿਆਰ ਕੀਤੀ ਜਾ ਸਕੇਗੀ । ਇਹ ਪਹਿਲਕਦਮੀ ਪੰਜਾਬ ਸਰਕਾਰ ਦੀ ਸੂਬੇ ਭਰ ਦੇ ਸ਼ਹਿਰਾਂ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਵਿਸ਼ਾਲ ਅਮਰੁਤ 2.0 ਮੁਹਿੰਮ ਦਾ ਹਿੱਸਾ ਹੈ। ਜ਼ਿਕਰਰਯੋਗ ਹੈ ਕਿ ਅਮਰੁਤ 2.0 ਤਹਿਤ ਪੰਜਾਬ ਸਰਕਾਰ ਪਹਿਲਾਂ ਹੀ 64 ਤੋਂ ਵੱਧ ਪ੍ਰੋਜੈਕਟ ਸੂਬੇ ਨੂੰ ਸਮਰਪਿਤ ਕਰ ਚੁੱਕੀ ਹੈ ਅਤੇ ਲਗਭਗ 50-60 ਪ੍ਰੋਜੈਕਟ ਮਾਰਚ 2027 ਤੱਕ ਪੂਰੇ ਕੀਤੇ ਜਾਣਗੇ । ਇਸ ਪਹਿਲਕਦਮੀ ਬਾਰੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਅੰਮ੍ਰਿਤਸਰ ਸਾਡਾ ਪਵਿੱਤਰ ਸ਼ਹਿਰ ਹੈ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਸਦੀ ਸਾਰੀਆਂ ਸਮੱਸਿਆਵਾਂ ਦਾ ਸਫਲਤਾਪੂਰਵਕ ਹੱਲ ਕੱਢਿਆ ਜਾਵੇ ਭਾਵੇਂ ਉਹ ਸੀਵਰੇਜ ਦਾ ਮੁੱਦੇ ਹੋਵੇ ਜਾਂ ਕੂੜੇ-ਕਰਕਟ ਦਾ ਜਾਂ ਕੋਈ ਹੋਰ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਇਸੇ ਅਹਿਦ 'ਤੇ ਡੱਟ ਕੇ ਪਹਿਰਾ ਦੇ ਰਹੀ ਹੈ ਕਿ ਖੜ੍ਹਾ ਕੀਤਾ ਜਾ ਰਿਹਾ ਬੁਨਿਆਦੀ ਢਾਂਚਾ ਲੰਬੇ ਸਮੇਂ ਲਈ ਕੰਮ ਕਰਦਾ ਰਹੇ।

ਡੀਜ਼ਲ ਟੈਂਕਰ 'ਚ ਲੱਗੀ ਭਿਆਨਕ ਅੱਗ, ਡਰਾਈਵਰ ਸਣੇ ਤਿੰਨ ਲੋਕ ਜਿਉਂਦੇ ਸੜੇ

ਆਜ਼ਮਗੜ੍ਹ 7 ਅਗਸਤ। ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦੇ ਜੈਪੁਰ ਥਾਣਾ ਖੇਤਰ 'ਚ ਸੋਮਵਾਰ ਦੇਰ ਰਾਤ ਇਕ ਡੀਜ਼ਲ ਟੈਂਕਰ ਨੂੰ ਅੱਗ ਲੱਗਣ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ 'ਚੋਂ ਇਕ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਇਸ ਹਾਦਸੇ ਕਾਰਨ ਇਲਾਕੇ 'ਚ ਵਿਆਪਕ ਦਹਿਸ਼ਤ ਫੈਲ ਗਈ ਅਤੇ ਰਾਤ ਭਰ ਬਿਜਲੀ ਸਪਲਾਈ ਠੱਪ ਰਹੀ। ਪੁਲਸ ਦੇ ਅਨੁਸਾਰ, ਸੋਮਵਾਰ ਦੇਰ ਰਾਤ ਜੈਪੁਰ ਥਾਣਾ ਖੇਤਰ 'ਚ ਮਿਰਜ਼ਾਪੁਰ ਹਾਈਡਲ ਨੇੜੇ ਇਕ ਟੈ